


ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਸ਼ਨਿਚਰਵਾਰ, 12 ਅਗਸਤ 2023 ਮੁੱਖ ਸੰਪਾਦਕ - ਅਮਨ ਮਹਿਰਾ (ਜਲੰਧਰ)

R.N.I. Punpun/29016/2008 ✲ ਸਾਲ : 15 ✲ ਅੰਕ : 156 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111






JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ® 82880 21797 82880 21798

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018 WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ

JSDC GROUP - INDIA




## ਏਸ਼ੀਅਨ ਚੈਂਪੀਅਨਜ਼ ਟਰਾਫੀ

## ਭਾਰਤ ਫਾਈਨਲ ਵਿੱਚ ਪਹੁੰਚਿਆ

• ਚੇਨੱਈ

ਭਾਰਤੀ ਹਾਕੀ ਟੀਮ ਨੇ ਅੱਜ ਵੀ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਇੱਥੇ ਖੇਡੇ ਜਾ ਰਹੇ ਏਸ਼ੀਅਨ ਚੈਂਪੀਅਨਜ਼ ਟਰਾਫੀ (ਏਸੀਟੀ) ਹਾਕੀ ਟੂਰਨਾਮੈਂਟ ਦੇ ਸੈਮੀ ਫਾਈਨਲ ਮੁਕਾਬਲੇ ਵਿੱਚ ਜਪਾਨ ਨੂੰ 5-0 ਨਾਲ ਹਰਾ ਕੇ ਫਾਈਨਲ ਵਿੱਚ ਜਗ?ਹਾ ਬਣਾ ਲਈ ਹੈ। ਸ਼ਨਿਚਰਵਾਰ ਨੂੰ ਹੋਣ ਵਾਲੇ ਫਾਈਨਲ ਮੁਕਾਬਲੇ ਵਿੱਚ ਭਾਰਤ ਦਾ ਸਾਹਮਣਾ ਮਲੇਸ਼ੀਆ ਨਾਲ ਹੋਵੇਗਾ। ਮਲੇਸ਼ੀਆ ਨੇ ਪਹਿਲੇ ਸੈਮੀ ਫਾਈਨਲ ਵਿੱਚ ਦੱਖਣੀ ਕੋਰੀਆ ਨੂੰ 6-2 ਨਾਲ ਹਰਾਇਆ। ਭਾਰਤ ਨੇ ਰਾਊਂਡ ਰੌਬਿਨ ਲੀਗ ਗੇੜ ਵਿੱਚ ਮਲੇਸ਼ੀਆ ਨੂੰ 5-0 ਨਾਲ ਬੁਰੀ ਤਰ੍ਹਾਂ ਹਰਾਇਆ। ਭਾਰਤ ਵੱਲੋਂ ਆਕਾਸ਼ਦੀਪ ਸਿੰਘ ਨੇ 19ਵੇਂ ਮਿੰਟ, ਕਪਤਾਨ ਹਰਮਨਪ੍ਰੀਤ ਸਿੰਘ ਨੇ 23ਵੇਂ ਮਿੰਟ, ਮਨਦੀਪ ਸਿੰਘ ਨੇ 30ਵੇਂ ਮਿੰਟ, ਸੁਮਿਤ ਨੇ 39ਵੇਂ ਮਿੰਟ ਅਤੇ ਸੇਲਵਮ ਕਾਰਤੀ ਨੇ 51ਵੇਂ ਮਿੰਟ ਵਿੱਚ ਗੋਲ ਕੀਤੇ।

### ਦਿੱਲੀ 'ਚ ਇਕ ਘਟਨਾ ਕਾਰਨ ਸਕੂਲ ਨੇੜੇ ਗੈਸ ਰਿਸਣ ਨਾਲ

## 24 ਵਿਦਿਆਰਥੀ ਬੀਮਾਰ

• ਨਵੀਂ ਦਿੱਲੀ

ਦਿੱਲੀ ਦੇ ਨਾਰਾਇਣਾ ਇਲਾਕੇ ਵਿਚ ਸਥਿਤ ਇਕ ਨਗਰ ਨਿਗਮ ਸਕੂਲ ਨੇੜੇ ਗੈਸ ਰਿਸਣ ਦੀ ਇਕ ਘਟਨਾ ਕਾਰਨ 24 ਵਿਦਿਆਰਥੀ ਬੀਮਾਰ ਪੈ ਗਏ। ਸਾਰੇ ਵਿਦਿਆਰਥੀਆਂ ਨੂੰ ਹਸਪਤਾਲ ਵਿਚ ਭਰਤੀ ਕਰਾਇਆ ਗਿਆ ਹੈ। ਦਿੱਲੀ ਨਗਰ ਨਿਗਮ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 19 ਵਿਦਿਆਰਥੀਆਂ ਨੂੰ ਰਾਮ ਮਨੋਹਰ ਲੋਹੀਆ (ਆਰ. ਐੱਮ. ਐੱਲ.) ਹਸਪਤਾਲ ਵਿਚ ਭਰਤੀ ਕਰਾਇਆ ਗਿਆ ਹੈ ਜਦਕਿ ਬਾਕੀ ਵਿਦਿਆਰਥੀਆਂ ਨੂੰ ਆਚਾਰਿਆ ਸ੍ਰੀ ਭਿਕਸ਼ੂ ਹਸਪਤਾਲ ਭੇਜਿਆ ਗਿਆ ਹੈ ਅਧਿਕਾਰੀ ਨੇ ਦੱਸਿਆ ਕਿ ਨਗਰਪਾਲਿਕਾ ਸਿਹਤ ਵਿਭਾਗ ਦੇ ਅਧਿਕਾਰੀ ਹਸਪਤਾਲ ਅਤੇ ਸਕੂਲ ਪਹੁੰਚੇ। ਉਨ੍ਹਾਂ ਨੇ ਦੱ?ਸਆ ਕਿ ਮੌਕੇ 'ਤੇ ਨਗਰ ਨਿਗਮ ਦੇ ਸਿੱਖਿਆ ਵਿਭਾਗ ਦੇ ਅਫਸਰ ਵੀ ਮੌਜੂਦ ਸਨ। ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅਸੀਂ ਆਪਣੇ ਪੱਧਰ 'ਤੇ ਵੀ ਜਾਂਚ ਕਰਾਂਗੇ ਕਿ ਘਟਨਾ ਕਿਸ ਵਜ?ਹਾ ਨਾਲ ਹੋਈ। ਬਾਅਦ ਵਿਚ ਜਾਰੀ ਇਕ ਬਿਆਨ ਵਿਚ ਐੱਸ. ਸੀ. ਡੀ. ਨੇ ਕਿਹਾ ਕਿ ਗੈਸ ਲੀਕੇਜ਼ ਨੇੜਲੇ ਰੇਲਵੇ ਟਰੈਕ 'ਤੇ ਹੋਈ ਸੀ। ਸ਼ੁਰੂਆਤੀ ਜਾਂਚ ਮੁਤਾਬਕ ਗੈਸ ਦੀ ਨੇੜੇ ਸਥਿਤ ਸਕੂਲ ਵਿਚ ਫੈਲ ਗਈ, ਜਿਸ ਨਾਲ ਬੱਚਿਆਂ ਦੀ ਸਿਹਤ ਵਿਗੜ ਗਈ।



## ਕੈਨੇਡਾ ਦੇ ਕਾਲਜਾਂ ਨੇ 500 ਭਾਰਤੀ ਵਿਦਿਆਰਥੀਆਂ ਦੇ ਦਾਖਲੇ ਰੱਦ ਕੀਤੇ

• ਟੋਰਾਂਟੋ

ਕੈਨੇਡਾ ਦੇ ਓਂਟਾਰੀਓ ਸ਼ਹਿਰ ਦੇ ਇੱਕ ਕਾਲਜ ਨੇ ਪੜ੍ਹਾਈ ਸ਼ੁਰੂ ਹੋਣ ਤੋਂ ਇੱਕ ਮਹੀਨਾ ਪਹਿਲਾਂ ਘੱਟੋ-ਘੱਟ 500 ਕੌਮਾਂਤਰੀ ਵਿਦਿਆਰਥੀਆਂ ਦਾ ਦਾਖ਼ਲਾ ਰੱਦ ਕਰ ਦਿੱਤਾ ਹੈ। ਸੀਬੀਸੀ ਨਿਊਜ਼ ਦੀ ਖ਼ਬਰ ਮੁਤਾਬਕ ਇਨ੍ਹਾਂ 'ਚੋਂ ਕੁਝ ਵਿਦਿਆਰਥੀ ਪਹਿਲਾਂ ਹੀ ਕੈਨੇਡਾ ਪੁੱਜ ਚੁੱਕੇ ਸਨ, ਜਿਸ ਦੌਰਾਨ ਉਨ੍ਹਾਂ ਨੂੰ ਦਾਖ਼ਲਾ ਰੱਦ ਹੋਣ ਬਾਰੇ ਪਤਾ ਲੱਗਾ। ਖ਼ਬਰ ਮੁਤਾਬਕ ਲਗਪਗ 500 ਵਿਦਿਆਰਥੀਆਂ ਨੂੰ ਨੌਰਦਰਨ ਕਾਲਜ ਵੱਲੋਂ ਉਨ੍ਹਾਂ ਦਾ ਦਾਖ਼ਲਾ ਰੱਦ ਹੋਣ ਬਾਰੇ ਈ-ਮੇਲ ਕੀਤੀ ਗਈ ਹੈ। ਇਸ ਸਬੰਧੀ ਨੌਰਦਰਨ ਕਾਲਜ ਨੇ ਕਿਹਾ ਕਿ ਕੈਨੇਡਾ ਵੱਲੋਂ ਉਮੀਦ ਨਾਲੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਨੂੰ ਵੀਜ਼ੇ ਦੇਣ ਕਾਰਨ ਇਹ ਦਿੱਕਤ ਆਈ ਹੈ।



## ਮੁੰਬਈ 'ਚ ਆਏ ਯਾਤਰੀ ਜਹਾਜ਼ ਤੋ 7.85 ਕਰੋੜ ਦੀ ਕੋਕੀਨ ਫੜੀ

• ਮੁੰਬਈ

ਖ਼ਾਸ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਡੀ.ਆਰ.ਆਈ. ਦੇ ਅਧਿਕਾਰੀਆਂ ਨੇ ਸੀਐਸਐਮਆਈ ਹਵਾਈ ਅੱਡੇ ਮੁੰਬਈ 'ਤੇ ਯੁਗਾਂਡਾ ਦੇ ਇਕ ਪੁਰਸ਼ ਯਾਤਰੀ ਨੂੰ ਨਸ਼ੀਲੇ ਪਦਾਰਥ ਲੈ ਕੇ ਜਾ ਰਹੇ ਨੂੰ ਰੋਕਿਆ ਤਾਂ ਉਸ ਦੇ ਸਰੀਰ 'ਚੋਂ 785 ਗ੍ਰਾਮ ਕੋਕੀਨ ਦੇ ਕੁੱਲ 65 ਕੈਪਸੂਲ ਜਿਨ੍ਹਾਂ ਦੀ ਕੀਮਤ 7.85 ਕਰੋੜ ਰੁਪਏ ਦੇ ਬਰਾਮਦ ਹੋਏ ਹਨ ।



## ਸ਼ੀਲੰਕਾ 'ਚ ਦਾਖਲ ਹੋਇਆ ਚੀਨ ਦਾ ਜਾਸੂਸੀ ਜਹਾਜ਼

• ਦਿੱਲੀ/ਕਪੂਰ

ਚੀਨੀ ਜਲ ਸੈਨਾ ਦਾ ਨਿਗਰਾਨੀ (ਜਾਸੂਸੀ) ਕਰਨ ਵਿਚ ਸਮਰੱਥ ਜੰਗੀ ਬੇੜਾ ਕੋਲੰਬੋ ਬੰਦਰਗਾਹ 'ਤੇ ਪਹੁੰਚ ਗਿਆ ਹੈ। ਸਾਲ ਪਹਿਲਾਂ ਭਾਰਤ ਨੇ ਚਿੰਤਾ ਪ੍ਰਗਟਾਈ ਸੀ, ਜਦੋਂ ਇੱਕ ਹੋਰ ਚੀਨੀ ਜਾਸੂਸੀ ਜਹਾਜ਼ ਨੇ ਲੰਕਾ ਵਿੱਚ ਬੰਦਰਗਾਹ 'ਤੇ ਆਇਆ ਸੀ। ਲੰਕਾ ਦੀ ਜਲ ਸੈਨਾ ਨੇ ਕਿਹਾ ਹੈ ਕਿ ਚੀਨ ਦਾ 'ਪੀਪਲਜ਼ ਲਬਿਰੇਸ਼ਨ ਆਰਮੀ' ਜਲ ਸੈਨਾ ਦਾ ਜੰਗੀ ਜਹਾਜ਼ ਹੈ ਯਾਂਗ 24 ਹਾਓ ਵੀਰਵਾਰ ਨੂੰ ਕੋਲੰਬੋ ਬੰਦਰਗਾਹ 'ਤੇ ਪਹੁੰਚਿਆ। ਜਹਾਜ਼ ਦੀ ਵਾਪਸੀ ਸ਼ਨਿਚਰਵਾਰ ਨੂੰ ਹੋਣੀ ਹੈ। 129 ਮੀਟਰ ਲੰਬੇ ਜਹਾਜ਼ ਵਿੱਚ 138 ਵਿਅਕਤੀ ਸਵਾਰ ਹਨ।



## ਪੰਜਾਬ ਵਿੱਚ ਜੁਰਮ ਦਾ ਹੋ ਰਿਹਾ ਵਾਧਾ ਹੁਣ ਪਤੀ ਪਤਨੀ ਦਾ ਹੋਇਆ ਕਤਲ

• ਗੁਰਦਾਸਪੁਰ/ਨਵਨੀਤ ਕੁਮਾਰ

ਥਾਣਾ ਘੁਮਾਣ ਅਧੀਨ ਪਿੰਡ ਮੀਕੇ ਵਿੱਚ ਪਤੀ-ਪਤਨੀ ਦਾ ਭੇਤਭਰੀ ਹਾਲਤ ਵਿੱਚ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਇਸ ਜੋੜੇ ਦੀਆਂ ਲਾਸ਼ਾਂ ਕਤਲ ਤੋਂ ਦੋ ਦਿਨ ਮਗਰੋਂ ਉਨ੍ਹਾਂ ਦੇ ਆਪਣੇ ਬੰਦ ਘਰ ਅੰਦਰੋਂ ਮਿਲੀਆਂ। ਮ੍ਰਿਤਕ ਲਸ਼ਕਰ ਸਿੰਘ (55) ਦੇ ਭਤੀਜੇ ਜ਼ੋਰਾਵਰ ਸਿੰਘ ਨੇ ਦੱਸਿਆ ਕਿ ਉਸ ਦਾ ਚਾਚਾ ਅਤੇ ਚਾਚੀ ਅਮਰੀਕ ਕੌਰ (52) ਘਰ ਵਿੱਚ ਇਕੱਲੇ ਰਹਿੰਦੇ ਸਨ। ਉਨ੍ਹਾਂ ਦਾ ਬੇਟਾ ਦੁਬਈ ਵਿੱਚ ਹੈ, ਜਿਸ ਨੇ 9 ਅਗਸਤ ਨੂੰ ਫ਼ੋਨ ਕੀਤਾ ਸੀ ਕਿ ਉਹ ਆਪਣੇ ਮਾਤਾ ਨਾਲ ਗੱਲ ਕਰਨੀ ਚਾਹੁੰਦਾ ਹੈ ਪਰ ਉਨ੍ਹਾਂ ਦਾ ਨੰਬਰ ਬੰਦ ਆ ਰਿਹਾ ਹੈ। ਜ਼ੋਰਾਵਰ ਸਿੰਘ ਨੇ ਦੱਸਿਆ ਕਿ ਜਦ ਉਹ ਚਾਚੇ ਦੇ ਘਰ ਆਇਆ ਤਾਂ ਬਾਹਰੋਂ ਤਾਲਾ ਲਗਾ ਹੋਇਆ ਸੀ। ਨਜ਼ਦੀਕੀ ਰਿਸ਼ਤੇਦਾਰਾਂ ਤੋਂ ਪਤਾ ਕਰਨ ਤੇ ਵੀ ਕੋਈ ਜਾਣਕਾਰੀ ਨਹੀਂ ਮਿਲੀ। ਇਸ ਸਬੰਧੀ 10 ਅਗਸਤ ਨੂੰ ਥਾਣਾ ਘੁਮਾਣ ਵਿੱਚ ਸੂਚਨਾ ਦਰਜ ਕਰਵਾਈ ਗਈ। ਥਾਣਾ ਮੁਖੀ ਪਰਮਿੰਦਰ ਸਿੰਘ ਨੇ ਪੁਲੀਸ ਪਾਰਟੀ ਸਣੇ ਜਦੋਂ ਘਰ ਅੰਦਰ ਦਾਖਲ ਹੋ ਕੇ ਵੇਖਿਆ ਤਾਂ ਦੋਹਾਂ ਜੀਆਂ ਦਾ ਕਤਲ ਹੋ ਚੁੱਕਾ ਸੀ। ਲਸ਼ਕਰ ਸਿੰਘ ਦੇ ਸਿਰ ਦੇ ਪਿਛਲੇ ਪਾਸੇ ਡੂੰਘਾ ਜਖ਼ਮ ਸੀ, ਜਦਕਿ ਉਸ ਦੀ ਪਤਨੀ ਅਮਰੀਕ ਕੌਰ ਦੀ ਹੱਤਿਆ ਗਲਾ ਘੁੱਟ ਕੇ ਕੀਤੀ ਗਈ ਸੀ। ਕਾਤਲ ਜਾਂਦੇ ਵਕਤ ਡੀਵੀਆਰ ਅਤੇ ਮੋਬਾਈਲ ਨਾਲ ਗਏ ਸਨ। ਪੁਲੀਸ ਨੇ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਬਟਾਲਾ ਸਿਵਲ ਹਸਪਤਾਲ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ ।




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ ਨੇ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ



- 14 ਅਗਸਤ ਨੂੰ ਆਈ.ਟੀ.ਆਈ ਗਰਾਊਂਡ ਵਿਖੇ ਹੋਵੇਗੀ ਫੁੱਲ ਡਰੈੱਸ ਰਿਹਰਸਲ
- 15 ਅਗਸਤ ਨੂੰ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕਰਨਗੇ ਸ਼ਿਰਕਤ

**• ਸਹੀਦ ਭਗਤ ਸਿੰਘ ਨਗਰ**

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਆਈ.ਟੀ.ਆਈ ਗਰਾਊਂਡ ਵਿਚ 15 ਅਗਸਤ ਨੂੰ ਸੁਤੰਤਰਤਾ ਦਿਵਸ ਸਬੰਧੀ ਜ਼ਿਲ੍ਹਾ ਪੱਧਰੀ ਸਮਾਰੋਹ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਜਾਵੇਗਾ ਅਤੇ 14 ਅਗਸਤ ਨੂੰ ਫੂਲ ਡਰੈਸ ਰਿਹਰਸਲ ਕਰਵਾਈ ਜਾਵੇਗੀ। ਉਨ੍ਹਾਂ ਇਸ ਦੌਰਾਨ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਗੰਭੀਰਤਾ ਤੇ ਤਨਦੇਹੀ ਨਾਲ ਨਿਭਾਉਣ ਦੇ ਨਿਰਦੇਸ਼ ਦਿੱਤੇ। ਉਹ ਅੱਜ ਆਈ.ਟੀ.ਆਈ. ਗਰਾਊਂਡ ਵਿਚ ਵਿਭਾਗਾਂ ਦੇ ਮੁਖੀਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਐਸ.ਐਸ.ਪੀ ਡਾ. ਅਖਿਲ ਚੌਧਰੀ , ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਐਸ.ਡੀ.ਐਮ ਨਵਾਂਸ਼ਹਿਰ ਸ਼ਿਵਰਾਜ ਸਿੰਘ ਬੱਲ, ਸਹਾਇਕ ਕਮਿਸ਼ਨਰ (ਜ) ਗੁਰਲੀਨ ਕੌਰ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਸ਼ਾਨਦਾਰ ਢੰਗ ਨਾਲ ਮਨਾਇਆ ਜਾਵੇਗਾ, ਜਿਸ ਵਿਚ ਐਨ.ਆਰ.ਆਈ. ਅਫੇਅਰਜ਼ ਅਤੇ ਪ੍ਰਬੰਧਕੀ ਸੁਧਾਰ ਮੰਤਰੀ, ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਉਨ੍ਹਾਂ ਕਿਹਾ ਕਿ ਸੁਤੰਤਰਤਾ ਦਿਵਸ ਸਮਾਗਮ ਵਿਚ ਵੱਖ-ਵੱਖ ਸਕੂਲਾਂ ਵਲੋਂ ਸਭਿਆਚਾਰਕ ਪ੍ਰੋਗਰਾਮ ਅਤੇ ਪੀ.ਟੀ.ਸ਼ੋਅ ਤੋਂ ਇਲਾਵਾ ਵੱਖ-ਵੱਖ ਸੁਰੱਖਿਆ ਬੱਲਾਂ ਵਲੋਂ ਸ਼ਾਨਦਾਰ ਮਾਰਚ ਪਾਸਟ ਹੋਵੇਗਾ। ਇਸ ਦੌਰਾਨ ਜਿਥੇ ਮੁੱਖ ਮਹਿਮਾਨ ਵਲੋਂ ਸੁਤੰਤਰਤਾ ਸੈਨਾਨੀਆਂ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਕੀਤਾ ਜਾਵੇਗਾ, ਉਥੇ ਵੱਖ-ਵੱਖ ਹਲਕਿਆਂ ਵਿਚ ਵਿਲੱਖਣ ਸੇਵਾਵਾਂ ਦੇਣ ਵਾਲਿਆਂ ਦਾ ਵੀ ਸਨਮਾਨ ਹੋਵੇਗਾ। ਉਨ੍ਹਾਂ ਦੱਸਿਆ ਕਿ ਸਮਾਗਮ ਦੀ ਫੁੱਲ ਡਰੈਸ ਰਿਹਰਸਲ 14 ਅਗਸਤ ਨੂੰ ਹੋਵੇਗੀ। ਇਸ ਦੌਰਾਨ ਉਨ੍ਹਾਂ ਨੇ ਸੁਰੱਖਿਆ, ਟ?ਰੈਫਿਕ, ਮੈਡੀਕਲ ਸੁਵਿਧਾਵਾਂ, ਗਰਾਊਂਡ ਦੀ ਸਫਾਈ, ਸਟੇਜ ਦੀ ਸਜਾਵਟ, ਪੀਣ ਵਾਲੇ ਪਾਣੀ ਦਾ ਪ੍ਰਬੰਧ ਆਦਿ ਹੋਰ ਜ਼ਰੂਰੀ ਪ੍ਰਬੰਧਾਂ ਦੀ ਸਮੀਖਿਆ ਵੀ ਕੀਤੀ। ਐਸ.ਐਸ.ਪੀ ਡਾ. ਅਖਿਲ ਚੌਧਰੀ ਨੇ ਇਸ ਦੌਰਾਨ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਅਪਣਾਈਆਂ ਜਾਣ ਵਾਲੀਆਂ ਹਦਾਇਤਾਂ ਤੋਂ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਅਤੇ ਪੁਲਿਸ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਲੋੜ : ਹਰਮਿੰਦਰ ਸਿੰਘ ਢਾਹੇ



- ਚੇਅਰਮੈਨ ਜਿਲ੍ਹਾਂ ਯੋਜਨਾ ਕਮੇਟੀ ਹਰਮਿੰਦਰ ਸਿੰਘ ਢਾਹੇ ਨੇ ਸਰਕਾਰੀ ਪ੍ਰਾਇਮਰੀ ਸਕੂਲ ਭਨੂਪਲੀ ਵਿਖੇ ਲਗਾਏ ਬੂਟੇ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ ਰੁੱਖਾ ਦੀ ਸਾਂਭ ਸੰਭਾਲ ਕਰਨੀ ਅਤੇ ਪੌਦੇ ਲਗਾ ਕੇ ਉਨ੍ਹਾਂ ਨੂੰ ਵਿਕਸਤ ਕਰਨਾ ਬਹੁਤ ਜਰੂਰੀ ਹੈ। ਹਰ ਇਨਸਾਨ ਦਾ ਇਹ ਮੁੱਢਲਾ ਕਰਤੱਵ ਹੈ ਕਿ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਸੁਥਰਾ ਵਾਤਾਵਰਣ ਅਤੇ ਪੌਣ ਪਾਣੀ ਮੁਹੱਈਆ ਕਰਵਾਏ। ਜਿਹੜੇ ਰੁੱਖਾ ਦੀ ਛਾਂ, ਫਲਾਂ ਤੇ ਸਮੱਗਰੀ ਦਾ ਅਨੰਦ ਅੱਜ ਅਸੀ ਮਾਣ ਰਹੇ ਹਾਂ, ਉਹ ਸਾਡੇ ਬਜੁਰਗਾ ਵੱਲੋਂ ਲਗਾਏ ਗਏ ਸਨ, ਇਸ ਲਈ ਆਪਣੀਆ ਨਸਲਾ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਰੁੱਖ ਲਗਾਉਣੇ ਸਾਡਾ ਫਰਜ਼ ਹੈ। ਇਹ ਪ੍ਰਕਿਰਤੀ ਦਾ ਨਿਯਮ ਹੈ ਅਤੇ ਵਾਤਾਵਰਣ ਨੂੰ ਸੰਤੁਲਿਤ ਰੱਖਣਾ ਸਾਡੀ ਜਿੰਮੇਵਾਰੀ ਹੈ। ਇਸ ਪ੍ਰਗਟਾਵਾ ਚੇਅਰਮੈਨ ਜਿਲ੍ਹਾਂ ਯੋਜਨਾ ਕਮੇਟੀ ਹਰਮਿੰਦਰ ਸਿੰਘ ਢਾਹੇ ਨੇ ਸਰਕਾਰੀ ਪ੍ਰਾਇਮਰੀ ਸਕੂਲ ਭਨੂਪਲੀ ਵਿਖੇ ਬੂਟੇ ਲਗਾਉਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਹਰ ਮਨੁੱਖ ਇੱਕ ਰੁੱਖ ਜਰੂਰ ਲਗਾਵੇ ਤਾਂ ਜੋ ਅਸੀ ਆਪਣੇ ਵਾਤਾਵਰਣ ਦੀ ਸ਼ੁੱਧਤਾ ਵਿਚ ਆਪਣਾ ਯੋਗਦਾਨ ਪਾ ਸਕੀਏ। ਸਿੱਖਿਆ ਵਿਭਾਗ ਦੇ ਮਨਜੀਤ ਸਿੰਘ ਮਾਵੀ ਨੇ ਆਏ ਅਧਿਆਪਕਾ ਨੂੰ ਜੀ ਆਇਆ ਕਿਹਾ। ਇਸ ਮੌਕੇ ਭਗਵੰਤ ਸਿੰਘ ਅਟਵਾਲ, ਸੁਰਿੰਦਰ ਸਿੰਘ ਥਲੂਹ, ਦੀਪਕ ਸੋਨੀ, ਪੂਜਾ, ਰਜਿੰਦਰ ਕੌਰ, ਅਜੇ ਕੁਮਾਰ ਤੇ ਸਕੂਲ ਹਾਜ਼ਰ ਸੀ।

# ਮੈਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹਾਂ : ਕੌਂਸਲਰ ਦਲਜੀਤ ਸਿੰਘ ਕੈਂਥ



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਮੈਂ ਹਲਕੇ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹਾਂ। ਬੀਤੇ ਦਿਨੀਂ ਮੇਰੇ ਤੋਂ ਕੁਝ ਲੋਕਾਂ ਨੇ ਦਬਾਅ ਪਾ ਕੇ ਗ਼ਲਤ ਬਿਆਨ ਦਿਵਾਇਆ ਸੀ ਜਿਸ ਦਾ ਮੈਂ ਖੰਡਨ ਕਰਦਾ ਹਾਂ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਾਰਡ ਨੰਬਰ 6 ਤੋਂ ਕੌਂਸਲਰ ਦਲਜੀਤ ਸਿੰਘ ਕੈਂਥ ਨੇ ਅੱਜ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਹਾਜ਼ਰੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਕੌਂਸਲਰ ਕੈਂਥ ਨੇ ਕਿਹਾ ਕਿ ਪਿਛਲੇ ਦਿਨੀ ਮੈਂ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਹੇਠ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਸੀ, ਜਿਸ ਤੇ ਮੈਂ ਅੱਜ ਵੀ ਠੋਕ ਕੇ ਪਹਿਰਾ ਦੇ ਰਿਹਾ ਹਾਂ। ਬੀਤੇ ਕੱਲ੍ਹ ਤੁਸੀਂ 'ਆਪ' ਵਿੱਚ ਸ਼ਾਮਿਲ ਹੋਣ ਤੋਂ ਇਨਕਾਰ ਕੀਤਾ ਸੀ ਦਾ ਜਵਾਬ ਦਿੰਦਿਆਂ ਕੌਂਸਲਰ ਕੈਥ ਨੇ ਕਿਹਾ ਕਿ ਸ਼ਹਿਰ ਦੇ ਕੁਝ ਲੋਕਾਂ ਨੇ ਮੇਰੇ ਤੇ ਦਬਾਅ ਪਾ ਕੇ ਮੇਰੇ ਤੋਂ ਗ਼ਲਤ ਬਿਆਨ ਦਿਵਾਇਆ ਸੀ, ਜਿਸ ਦਾ ਮੈਨੂੰ ਅਫ਼ਸੋਸ ਹੈ। ਉਨ੍ਹਾਂ ਕਿਹਾ ਕਿ ਮੈਂ ਸ਼ਹਿਰ ਦੇ ਵਿਕਾਸ ਲਈ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੇ ਨਾਲ ਖੜਾ ਹਾਂ ਅਤੇ ਆਮ ਆਦਮੀ ਪਾਰਟੀ ਨੂੰ ਸ਼ਹਿਰ ਅਤੇ ਇਲਾਕੇ ਅੰਦਰ ਮਜਬੂਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗਾ। ਇਸ ਮੌਕੇ ਉਹਨਾਂ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਸਰਬਜੀਤ ਕੌਰ ਕੈਂਥ ਅਤੇ ਸਪੁੱਤਰ ਵਿਪਨਪ੍ਰੀਤ ਸਿੰਘ ਕੈਂਥ ਵੀ ਹਾਜ਼ਰ ਸਨ।

# ਕਿੱਡਜ਼ ਕੇਅਰ ਇੰਟਰਨੈਸ਼ਨਲ ਸਕੂਲ ਚ ਡਰਾਇੰਗ ਪ੍ਰਤੀਯੋਗਿਤਾ ਕਰਵਾਈ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਅੱਜ ਕਿੱਡਜ ਕੇਅਰ ਇੰਟਰਨੈਸ਼ਨਲ ਸਕੂਲ ਵਿੱਚ ਪ੍ਰਧਾਨ ਅਰਵਿੰਦ ਮਹਿਤਾ ਦੀ ਪ੍ਰਧਾਨਗੀ ਹੇਠ 'ਡਰਾਇੰਗ ਮੁਕਾਬਲਾ' ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਭਖਦੇ ਵਿਸ਼ਿਆਂ 'ਤੇ ਪੇਂਟਿੰਗ ਵਿੱਚ ਆਪਣੀ ਪ੍ਰਤਿਭਾ ਦੇ ਰੰਗ ਬਿਖੇਰੇ। ਬੱਚਿਆਂ ਵੱਲੋਂ ਬਣਾਈ ਗਈ ਪੇਂਟਿੰਗ ਨੇ ਮਨ ਨੂੰ ਆਕਰਸ਼ਿਤ ਕੀਤਾ ਪਿ?ਸੀਪਲ ਪ੍ਰੋਮਿਲਾ ਮਨਹਾਸ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਸਕੂਲ 'ਚ ਹੋਣ ਵਾਲੇ ਅਜਿਹੇ ਮੁਕਾਬਲਿਆਂ 'ਚ ਵਿਦਿਆਰਥੀਆਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਅਸੀਂ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰ ਸਕੀਏ, ਇਸ ਮੌਕੇ ਤੇ ਸਮੂਹ ਸਟਾਫ ਵੀ ਮੌਜੂਦ ਸੀ।



# ਸੈਕੜੇ ਸਾਥੀਆ ਦੇ ਕਾਫਲੇ ਨਾਲ ਗੁਰਪ੍ਰੀਤ ਗੁੱਜਰ ਪਹੁੰਚੇ ਰੱਤੇਵਾਲ ਰਿਜ਼ੋਰਟ 'ਚ



**ਬਲਾਚੌਰ /ਕਾਠਗੜ/ਜਤਿੰਦਰਪਾਲ ਸਿੰਘ ਕਲੇਰ**

ਪੰਜਾਬ ਯੂਥ ਮਿਲਣੀ ਦੇ ਤਹਿਤ ਏਐਸ ਰਿਜੋਰਟ ਰੱਤੇਵਾਲ ਵਿਖੇ ਕਰਵਾਏ ਜਾ ਰਹੇ ਪ੍ਰੋਗਰਾਮ ਵਿੱਚ ਪਹੁੰਚ ਰਹੇ ਕੌਮੀ ਪ੍ਰਧਾਨ ਯੂਥ ਅਕਾਲੀ ਦਲ ਸਰਬਜੀਤ ਸਿੰਘ ਝਿੰਜਰ ਦਾ ਸਵਾਗਤ ਕਰਨੇ ਦੇ ਲਈ ਕਾਠਗੜ ਦਾਣਾ ਮੰਡੀ ਤੋ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਬਲਾਚੌਰ ਤੋ ਗੁਰਪ੍ਰੀਤ ਗੁੱਜਰ ਆਪਣੇ ਸੈਕੜੇ ਸਾਥੀਆ ਦੇ ਨਾਲ ਪੁਹੰਚੇ, ਉਨਾ ਕਿਹਾ ਕਿ ਅਕਾਲੀ ਦਲ ਨੇ ਆਪਣੇ ਕਾਰਜਕਾਲ ਦੇ ਦੌਰਾਨ ਹਰ ਵਰਗ ਦੇ ਲੋਕਾਂ ਦੇ ਹਿੱਤ ਦੀ ਗੱਲ ਕੀਤੀ, ਉਨਾ ਨੇ ਬਿਨਾ ਭੇਦ ਭੇਦ ਵਿਕਾਸ ਕੰਮ ਕਰਵਾਏ, ਉਨਾ ਕਿਹਾ ਕਿ ਮੌਕੇ ਦੀ ਆਮ ਆਦਮੀ ਪਾਰਟੀ ਨੇ ਲੋਕਾਂ ਦਾ ਕਜੂੰਮਰ ਕੱਢ ਕੇ ਰੱਖ ਦਿੱਤਾ ਹੈ, ਨਾਂ ਹੀ ਲੋਕਾ ਨੂੰ ਇਨਸਾਫ ਮਿਲ ਰਿਹਾ ਨਾ ਹੀ ਸਰਕਾਰ ਦੀਆ ਕੋਈ ਸਕੀਮਾ ਲੋਕਾਂ ਤੱਕ ਪਹੁੰਚ ਰਹੀਆ ਹਨ, ਲੋਕ ਆਪਣੇ ਆਪ ਨੂੰ ਠੱਗੇ ਜਿਹੇ ਮਹਿਸੂਸ ਕਰ ਰਿਹੇ ਹਨ, ਉਨਾ ਕਿਹਾ ਕਿ ਆਉਣ ਵਾਲੀਆ ਚੋਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਜਾਵੇਗਾ, ਇਸ ਮੌਕੇ ਉਹਨਾਂ ਨਾਲ ਯੂਥ ਅਕਾਲੀ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪੰਜਾਬੀ ਲੇਖਕ ਗੁਰਭਜਨ ਗਿੱਲ ਦੀਆਂ ਸਭ ਕਿਤਾਬਾਂ ਪੰਜਾਬ ਵਿਧਾਨ ਸਭਾ ਦੀ ਲਾਇਬ੍ਰੇਰੀ ਲਈ ਸਪੀਕਰ ਸੰਧਵਾਂ ਅਤੇ ਖੇਤੀਬਾੜੀ ਮੰਤਰੀ ਖੁੱਡੀਆਂ ਰਾਹੀਂ ਭੇਂਟ



• **ਚੰਡੀਗੜ੍ਹ/ਲੁਧਿਆਣਾ/ਸੁਖਚੈਨ ਮਹਿਰਾ**

ਭਾਸ਼ਾ ਵਿਭਾਗ ਪੰਜਾਬ ਤੋਂ 2014 ਵਿੱਚ ਸ਼੍ਰੋਮਣੀ ਪੰਜਾਬੀ ਕਵੀ ਵਜੋਂ ਸਨਮਾਨਿਤ ਨਾਮਵਰ ਕਵੀ ਅਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਦੀਆਂ ਹੁਣ ਤੱਕ ਛਪੀਆਂ 16 ਕਾਵਿ ਪੁਸਤਕਾਂ ਪੰਜਾਬ ਵਿਧਾਨ ਸਭਾ ਦੀ ਲਾਇਬ੍ਰੇਰੀ ਵਿਚ ਪੁੱਜ ਗਈਆਂ ਹਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਇਹ ਕਿਤਾਬਾਂ ਪੰਜਾਬੀ ਕਵੀ ਤੇ ਵਿਧਾਨ ਸਭਾ ਦੇ ਸੀਨੀਅਰ ਰੀਪੋਰਟਰ ਹਰਪ੍ਰੀਤ ਸਿੰਘ ਸਵੈਚ ਰਾਹੀਂ ਪ੍ਰਾਪਤ ਕੀਤੀਆਂ। ਇਸ ਮੌਕੇ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਵੀ ਹਾਜ਼ਰ ਸਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਸ? ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਇਨ੍ਹਾਂ ਕਿਤਾਬਾਂ ਨਾਲ ਵਿਧਾਨ ਸਭਾ ਦੀ ਲਾਇਬ੍ਰੇਰੀ ਹੋਰ ਅਮੀਰ ਹੋ ਗਈ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਵੀ ਪੰਜਾਬੀ ਸਾਹਿਤ ਨੂੰ ਬਹੁਤ ਪਿਆਰ ਕਰਦੇ ਅਤੇ ਕਿਤਾਬਾਂ ਪੜ੍ਹਦੇ ਰਹਿੰਦੇ ਹਨ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਉਹ ਲੰਬੇ ਸਮੇਂ ਤੋਂ ਪ੍ਰੋ. ਗੁਰਭਜਨ ਗਿੱਲ ਦੇ ਪਾਠਕ ਹਨ ਅਤੇ ਨਿਜੀ ਸੰਪਰਕ ਵਿੱਚ ਹਨ। ਹੁਣ ਉਨ੍ਹਾਂ ਦੀਆਂ ਇਨ੍ਹਾਂ ਸਾਰੀਆਂ ਕਿਤਾਬਾਂ ਨੂੰ ਲਾਇਬ੍ਰੇਰੀ ਵਿਚ ਵੇਖਕੇ ਖੁਸ਼ੀ ਮਹਿਸੂਸ ਹੋ ਰਹੀ ਹੈ। ਇਸ ਤੋਂ ਪੰਜਾਬ ਦੇ ਸਮੂਹ ਵਿਧਾਨਕਾਰ ਤੇ ਸਬੰਧਿਤ ਸਟਾਫ ਲਾਭ ਉਠਾ ਸਕੇਗਾ। ਪ੍ਰੋ. ਗਿੱਲ ਨੇ ਆਪਣੇ ਸ਼ਬਦ ਸੁਨੇਹੇ ਵਿੱਚ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਉਨ੍ਹਾਂ ਦੀਆਂ ਕਿਤਾਬਾਂ ਉਸ ਥਾਂ ਪੁੱਜ ਗਈਆਂ ਹਨ ਜਿੱਥੇ ਸਾਰੇ ਪੰਜਾਬ ਅਤੇ ਪੰਜਾਬੀਆਂ ਦੀ ਨੁਮਾਇੰਦਗੀ ਕਰਦੀਆਂ ਰੋਸ਼ਨ ਦਿਮਾਗਾਂ ਵਾਲੀਆਂ ਹਸਤੀਆਂ ਬੈਠਦੀਆਂ ਹਨ। ਉਨ੍ਹਾਂ ਕਿਹਾ ਕਿ ਮੈਨੂੰ ਚੰਗਾ ਲੱਗੇਗਾ ਜੇਕਰ ਸਾਰੇ ਵਿਧਾਇਕ ਜ਼ਿਆਦਾ ਤੋਂ ਜ਼ਿਆਦਾ ਕਿਤਾਬਾਂ ਪੜ੍ਹਕੇ ਬਾਕੀ ਵਤਨੀਆਂ ਲਈ ਮਿਸਾਲ ਪੇਸ਼ ਕਰਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੀ ਕਾਰਵਾਈ ਹੁਣ ਸਾਰੀ ਦੁਨੀਆਂ ਵਿਚ ਲਾਈਵ ਚੱਲਦੀ ਹੈ ਅਤੇ ਵਿਧਾਇਕਾਂ ਵੱਲੋਂ ਬੋਲੇ ਸ਼ਬਦਾਂ ਨੂੰ ਲੋਕੀਂ ਗੰਭੀਰਤਾ ਨਾਲ ਲੈਂਦੇ ਹਨ, ਇਸ ਲਈ ਚੰਗੇ ਸ਼ਬਦਾਂ ਦੀ ਚੋਣ ਲਈ ਕਿਤਾਬਾਂ ਹੀ ਉੱਤਮ ਦੋਸਤ ਹਨ।

ਜ਼ਿਕਰਯੋਗ ਹੈ ਕਿ ਪ੍ਰੋ. ਗੁਰਭਜਨ ਗਿੱਲ ਤੋਂ ਇਲਾਵਾ ਉੱਘੇ ਕਵੀਆਂ ਸੰਤ ਰਾਮ ਉਦਾਸੀ, ਸੁਰਜੀਤ ਪਾਤਰ, ਬਾਬਾ ਨਜਮੀ ਤੇ ਬੂਟਾ ਸਿੰਘ ਚੌਹਾਨ ਦੇ ਸ਼ੇਅਰ ਮੁੱਖ ਮੰਤਰੀ ਪੰਜਾਬ ਸ? ਭਗਵੰਤ ਸਿੰਘ ਮਾਨ ਪਹਿਲਾਂ ਪਾਰਲੀਮੈਂਟ ਵਿੱਚ ਤੇ ਹੁਣ ਅਕਸਰ ਆਪਣੇ ਭਾਸ਼ਣਾਂ ਅਤੇ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਬੋਲਦੇ ਹਨ। ਵਿਧਾਨ ਸਭਾ ਦੀ ਲਾਇਬ੍ਰੇਰੀ ਲਈ ਦਿੱਤੀਆਂ ਗਈਆਂ ਕਿਤਾਬਾਂ 'ਚ ਗੁਰਭਜਨ ਗਿੱਲ ਦੀਆਂ ਸ਼ੀਸ਼ਾ ਝੂਠ ਬੋਲਦਾ ਹੈ (ਕਾਵਿ ਸੰਗ੍ਰਹਿ), ਹਰ ਧੁਖਦਾ ਪਿੰਡ ਮੇਰਾ ਹੈ (ਗਜ਼ਲ ਸੰਗ੍ਰਹਿ), ਸੁਰਖ਼ ਸਮੁੰਦਰ (ਕਾਵਿ ਸੰਗ੍ਰਹਿ), ਦੋ ਹਰਫ਼ ਰਸੀਦੀ (ਗ਼ਜ਼ਲ ਸੰਗ੍ਰਹਿ), ਅਗਨ ਕਥਾ (ਕਾਵਿ ਸੰਗ੍ਰਹਿ), ਮਨ ਦੇ ਬੂਹੇ ਬਾਰੀਆਂ (ਗ਼ਜ਼ਲ ਸੰਗ੍ਰਹਿ), ਧਰਤੀ ਨਾਦ (ਕਾਵਿ ਸੰਗ੍ਰਹਿ), ਖ਼ੈਰ ਪੰਜਾਂ ਪਾਣੀਆਂ ਦੀ (ਹਿੰਦ ਪਾਕ ਰਿਸ਼ਤਿਆਂ ਤੇ ਪੰਜਾਬੀਅਤ ਬਾਰੇ ਕਵਿਤਾਵਾਂ), ਫੁੱਲਾਂ ਦੀ ਝਾਂਜਰ (ਗੀਤ ਸੰਗ੍ਰਹਿ), ਪਾਰਦਰਸ਼ੀ (ਕਾਵਿ ਸੰਗ੍ਰਹਿ), ਮੋਰਪੰਖ (ਗ਼ਜ਼ਲ ਸੰਗ੍ਰਹਿ), ਮਨ ਤੰਦੂਰ (ਕਾਵਿ ਸੰਗ੍ਰਹਿ), ਤਾਰਿਆਂ ਦੇ ਨਾਲ ਗੱਲਾਂ ਕਰਦਿਆਂ (ਸੁਲੱਖਣ ਸਿੰਘ ਸਰਹੱਦੀ ਵੱਲੋਂ ਸੰਪਾਦਿਤ ਗ਼ਜ਼ਲ ਸੰਗ੍ਰਹਿ), ਗੁਲਨਾਰ (ਗ਼ਜ਼ਲ ਸੰਗ੍ਰਹਿ), ਮਿਰਗਾਵਲੀ (ਗ਼ਜ਼ਲ ਸੰਗ੍ਰਹਿ), ਰਾਵੀ (ਗ਼ਜ਼ਲ ਸੰਗ੍ਰਹਿ), ਸੁਰਤਾਲ (ਗ਼ਜ਼ਲ ਸੰਗ੍ਰਹਿ), ਚਰਖ਼ੜੀ (ਕਵਿਤਾਵਾਂ), ਪਿੱਪਲ ਪੱਤੀਆਂ (ਗੀਤ ਸੰਗ੍ਰਹਿ) ਅਤੇ ਜਲ ਕਣ (ਰੁਬਾਈਆਂ) ਕਾਵਿ ਪੁਸਤਕਾਂ ਸ਼ਾਮਲ ਹਨ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਅਨਮੋਲ ਸਿਖਿਆ ਕੇਂਦਰ ਢੇਰ ਵਿਖੇ ਕਰਵਾਇਆ ਵਿਸ਼ੇਸ਼ ਸੈਮੀਨਾਰ





• **ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੂਪਨਗਰ ਸ਼ਹੀਦ ਭਗਤ ਸਿੰਘ ਨਗਰ ਦੇ ਖੇਤਰ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਅਨਮੋਲ ਸਿਖਿਆ ਕੇਂਦਰ ਢੇਰ ਵਿਖੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਲਗਭਗ 70 ਵਿਦਿਆਰਥੀਆਂ ਨੇ ਭਾਗ ਲਿਆ। ਸਮਾਗਮ ਦੀ ਆਰੰਭਤਾ ਕਰਦਿਆਂ ਸਿਖਿਆ ਕੇਂਦਰ ਦੇ ਮੁਖੀ ਸ:ਜਸਵਿੰਦਰ ਸਿੰਘ ਢੇਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ, ਉਪਰੰਤ ਸ ਜਸਕੀਰਤ ਸਿੰਘ ਨੰਗਲ ਪ੍ਰਧਾਨ ਵਿਦਿਆਰਥੀ ਕੌਂਸਲ ਨੇ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ ' ਵਿਸ਼ੇ ਤੇ ਵਿਦਿਆਰਥੀਆਂ ਨਾਲ ਵਿਚਾਰਾ ਦੀ ਸਾਂਝ ਪਾਈ। ਐਨ ਸੀ ਸੀ ਅਫਸਰ ਸ ਰਣਜੀਤ ਸਿੰਘ ਜੀ ਖੇਤਰੀ ਸਕੱਤਰ ਅਨੰਦਪੁਰ ਸਾਹਿਬ ਨੇ 'ਵਿਦਿਆਰਥੀ ਦੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ' ਵਿਸ਼ੇ ਤੇ ਗੱਲਬਾਤ ਕੀਤੀ। ਮਨਦੀਪ ਸਿੰਘ ਪ੍ਰਧਾਨ ਰੂਪਨਗਰ ਸ਼ਹੀਦ ਭਗਤ ਸਿੰਘ ਨਗਰ ਜੋਨ ਨੇ ਜਿਥੇ ਇਸ ਸਮਾਗਮ ਨੂੰ ਕਰਨ ਦਾ ਮਨੋਰਥ ਦੱਸਿਆ ਉਥੇ ਨਾਲ ਹੀ ਜਥੇਬੰਦੀ ਵਾਰੇ ਅਤੇ ਉਥੇ ਨਾਲ ਹੀ ਜਥੇਬੰਦੀ ਵੱਲੋਂ ਕੀਤੇ ਜਾਂਦੇ ਕਾਰਜਾਂ ਵਾਰੇ ਵੀ ਜਾਣਕਾਰੀ ਸਾਂਝੀ ਕੀਤੀ। ਅੰਤ ਵਿੱਚ ਸਟੱਡੀ ਸਰਕਲ ਟੀਮ ਵੱਲੋਂ ਸੰਸਥਾ ਦੇ ਮੁਖੀ ਸ ਜਸਵਿੰਦਰ ਸਿੰਘ ਢੇਰ ਜੀ ਨੂੰ ਸਨਮਾਨ ਨਿਸ਼ਾਨੀ ਭੇਂਟ ਕੀਤੀ।ਇਸ ਮੌਕੇ ਸ ਹਰਜਾਪ ਸਿੰਘ ਜੀ, ਪ੍ਰਿੰਸੀਪਲ ਜਸਬੀਰ ਕੌਰ ਜੀ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਰਿਆਤ ਕਾਲਜ ਆਫ਼ ਲਾਅ, ਰੈਲ ਮਾਜਰਾ ਵਿਖੇ ਸਲਾਨਾ ਪੁਰਸਕਾਰ ਸਮਾਰੋਹ ਕਰਵਾਇਆ



• **ਬਲਾਚੌਰ,ਕਾਠਗੜ੍ਹ**

ਰਿਆਤ ਕਾਲਜ ਆਫ਼ ਲਾਅ, ਰੈਲ ਮਾਜਰਾ ਵਲੋਂ ਸਲਾਨਾ ਪੁਰਸਕਾਰ ਸਮਾਰੋਹ, 'ਅਭਿਨੰਦਨ' ਆਯੋਜਤ ਕੀਤਾ ਗਿਆ। ਇਹ ਸਮਾਰੋਹ ਪੰਜਾਬ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਵਧੀਆ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਆਯੋਜਿਤ ਕੀਤਾ ਗਿਆ ਸੀ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਅਤੇ ਸੈਸ਼ਨ ਜੱਜ, ਕੰਵਲਜੀਤ ਸਿੰਘ ਬਾਜਵਾ, ਸ਼ਹੀਦ ਭਗਤ ਸਿੰਘ ਨਗਰ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਆਗਾਜ਼ ਕੰਵਲਜੀਤ ਸਿੰਘ ਬਾਜਵਾ ਵਲੋਂ ਸ਼ਮਾ ਰੌਸ਼ਨ ਕਰਕੇ ਕੀਤੀ। ਰਿਆਤ ਕਾਲਜ ਆਫ਼ ਲਾਅ ਦੀ ਪ੍ਰਿੰਸੀਪਲ ਡਾ: ਮੋਨਿਕਾ ਸ਼ਰਮਾ ਨੇ ਸਾਰਿਆਂ ਦਾ ਸਵਾਗਤ ਕੀਤਾ। ਇਸ ਤੋਂ ਬਾਅਦ ਜ਼ਿਲ੍ਹਾ ਅਤੇ ਸੈਸ਼ਨ ਜੱਜ, ਕੰਵਲਜੀਤ ਸਿੰਘ ਬਾਜਵਾ ਨੇ ਵਿਦਿਆਰਥੀਆਂ ਨੂੰ ਪੁਰਸਕਾਰ ਦਿੱਤੇ, ਜਿਸ ਵਿੱਚ ਬੀ.ਏ.ਐੱਲ.ਬੀ (ਆਨਰਸ) ਤੀਸਰੇ ਸਮੈਸਟਰ ਦੀ ਵਿਦਿਆਰਥਣ ਖੁਸ਼ੀ ਜੈਨ, ਬੀ.ਕਾਮ ਐਲ.ਐਲ.ਬੀ (ਆਨਰਜ਼) ਤੀਸਰੇ ਸਮੈਸਟਰ ਦੀ ਵਿਦਿਆਰਥਣ ਰਾਜਦੀਪ ਕੌਰ, ਬੀ.ਕਾਮ ਐਲ.ਐਲ.ਬੀ (ਆਨਰਜ਼) 7ਵੇਂ ਸਮੈਸਟਰ ਦੀ ਸ਼ਵੇਤਾ ਅਗਰਵਾਲ, ਬੀ.ਕਾਮ ਐਲ.ਐਲ.ਬੀ (ਆਨਰਜ਼) 7ਵੇਂ ਸਮੈਸਟਰ ਦੇ ਹਿਮਾਂਸ਼ੂ ਬਾਂਸਲ ਕੋਮਲ, ਬੀ.ਏ.ਐਲ.ਐਲ.ਬੀ.(ਆਨਰਜ਼) 7ਵਾਂ ਸਮੈਸਟਰ, ਬੀ.ਏ.ਐਲ.ਐਲ.ਬੀ. ਦੀ ਹਿਆ ਪਾਰੁਲ ਸ਼ਰਮਾ ਅਤੇ ਬੀ.ਕਾਮ ਐਲਐਲਬੀ ਦੇ ਆਰੀਅਨ ਧਵਨ ਸ਼ਾਮਿਲ ਸਨ। ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਜੀਵਨ ਵਿੱਚ ਹੋਰ ਸਖ਼ਤ ਮਿਹਨਤ ਕਰਨ ਅਤੇ ਕਾਨੂੰਨ ਦੇ ਖੇਤਰ ਵਿੱਚ ਉਚਾਈਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਕਾਨੂੰਨ ਇੱਕ ਨੋਬਲ ਪੇਸ਼ਾ ਹੈ ਅਤੇ ਇੱਕ ਕਾਨੂੰਨ ਦੇ ਵਿਦਿਆਰਥੀ ਨੂੰ ਇਮਾਨਦਾਰੀ, ਅਤੇ ਇਕਸਾਰਤਾ ਨਾਲ ਦੇਸ਼ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਇਸ ਸਮਾਗਮ ਵਿੱਚ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ: ਮਹਿੰਦਰ ਸਿੰਘ, ਫੈਕਲਟੀ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ। ਅਖੀਰ ਵਿੱਚ ਡਾ: ਮਨੀਸ਼ ਕੁਮਾਰ, ਡੀਨ ਅਕਾਦਮਿਕ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਚੇਅਰਮੈਨ ਜਗਰੂਪ ਸੇਖਵਾਂ ਨੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਲਗਾਏ ਜਾ ਰਹੇ ਹਨ ਵਿਸ਼ੇਸ਼ ਕੈਂਪਾਂ ਦਾ ਜਾਇਜ਼ਾ ਲਿਆ



■ **ਯੋਗ ਲਾਭਪਤਾਰੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਕਾਰਡ ਬਣਾ ਕੇ ਮੁਫ਼ਤ ਇਲਾਜ ਸਹੂਲਤ ਦਾ ਲਾਭ ਉਠਾਉਣ : ਚੇਅਰਮੈਨ ਸੇਖਵਾਂ**

• **ਗੁਰਦਾਸਪੁਰ-ਨਵਨੀਤ ਕੁਮਾਰ**

ਪੰਜਾਬ ਸਰਕਾਰ ਵੱਲੋਂ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਦੀ ਵਿਸ਼ੇਸ਼ ਮੁਹਿੰਮ ਅਰੰਭੀ ਗਈ ਹੈ। ਇਸ ਮੁਹਿੰਮ ਤਹਿਤ ਜ਼ਿਲਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਜ਼ਿਲੇ ਦੇ ਵੱਖ-ਵੱਖ ਪਿੰਡਾਂ ਵਿੱਚ ਵਿਖੇ ਵਿਸ਼ੇਸ਼ ਕੈਂਪ ਲਗਾ ਕੇ ਯੋਗ ਲਾਭਪਤਾਰੀਆਂ ਦੇ ਸਿਹਤ ਬੀਮਾਂ ਯੋਜਨਾ ਦੇ ਕਾਰਡ ਬਣਾਏ ਜਾ ਰਹੇ ਹਨ। ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ੍ਰੀ ਜਗਰੂਪ ਸਿੰਘ ਸੇਖਵਾਂ ਨੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਕੋਟ ਟੋਡਰ ਮੱਲ, ਤੁਗਲਵਾਲ ਅਤੇ ਘੋੜੇਵਾਹ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਲਗਾਏ ਗਏ ਵਿਸ਼ੇਸ਼ ਕੈਂਪਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਗਰੀਬ ਤੇ ਲੋੜਵੰਦ ਪਰਿਵਾਰਾਂ ਲਈ ਬਹੁਤ ਵੱਡੀ ਸਹੂਲਤ ਸਾਬਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬੇ ਦੇ ਸਸਤਾ ਅਨਾਜ ਕਾਰਡ ਧਾਰਕ ਪਰਿਵਾਰਾਂ, ਜੇ ਫਾਰਮ ਧਾਰਕ ਕਿਸਾਨ ਪਰਿਵਾਰਾਂ, ਛੋਟੇ ਵਪਾਰੀਆਂ, ਰਜਿਸਟਰਡ ਉਸਾਰੀ ਮਜ਼ਦੂਰਾਂ ਅਤੇ ਐਕਰੀਡੇਟਿਡ/ਯੈਲੋ ਕਾਰਡ ਧਾਰਕ ਪੱਤਰਕਾਰਾਂ ਦੇ ਪਰਿਵਾਰਾਂ ਨੂੰ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 5 ਲੱਖ ਰੁਪਏ ਸਲਾਨਾ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾਂਦੀ ਹੈ। ਉਨਾਂ ਕਿਹਾ ਕਿ ਇਹ ਯੋਜਨਾ ਲੋੜਵੰਦ ਪਰਿਵਾਰਾਂ ਲਈ ਬਹੁਤ ਵਧੀਆ ਹੈ ਅਤੇ ਲੋੜ ਪੈਣ 'ਤੇ ਕਾਰਡ ਧਾਰਕ ਪਰਿਵਾਰ ਸੂਬੇ ਦੇ 900 ਤੋਂ ਵੱਧ ਸਰਕਾਰੀ ਅਤੇ ਪ?ਾਈਵੇਟ ਹਸਪਤਾਲਾਂ ਵਿਚ ਆਪਣਾ ਮੁਫ਼ਤ ਇਲਾਜ ਕਰਵਾ ਸਕਦੇ ਹਨ। ਚੇਅਰਮੈਨ ਸ੍ਰੀ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਤਹਿਤ ਪਿੰਡ-ਪਿੰਡ ਜਾ ਕੇ ਯੋਗ ਲਾਭਪਤਾਰੀਆਂ ਦੇ ਕਾਰਡ ਬਣਾਏ ਜਾ ਰਹੇ ਹਨ। ਉਨਾਂ ਸਮੂਹ ਯੋਗ ਲਾਭਪਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣਾ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਕਾਰਡ ਜਰੂਰ ਬਣਾਉਣ।

# ਗੁਰਦਾਸਪੁਰ 'ਚ ਪਲਾਈਵੁੱਡ ਦੀ ਤਿੰਨ ਮੰਜਿਲਾ ਦੁਕਾਨ ਨੂੰ ਲੱਗੀ ਭਿਆਨਕ ਅੱਗ





• ਗੁਰਦਾਸਪੁਰ- ਨਵਨੀਤ ਕੁਮਾਰ

ਗੁਰਦਾਸਪੁਰ ਸ਼ਹਿਰ ਦੇ ਜੀ.ਟੀ.ਰੋਡ ਤੇ ਤਿੰਨ ਮੰਜ਼ਿਲਾ ਪਲਾਈਵੁੱਡ ਦੀ ਦੁਕਾਨ ਨੂੰ ਅਚਾਨਕ ਅੱਗ ਲੱਗ ਗਈ ।ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ ਸੀ।ਮੌਕੇ 'ਤੇ ਪਹੁੰਚੀਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਬੜੀ ਮੁਸ਼ਕਲ ਨਾਲ ਅੱਗ 'ਤੇ ਕਾਬੂ ਪਾਇਆ। ਫਿਲਹਾਲ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।ਖੁਸ਼ਕਿਸਮਤੀ ਨਾਲ ਨੇੜੇ ਬਹੁਤ ਸਾਰੀਆਂ ਦੁਕਾਨਾਂ ਅਤੇ ਘਰਾ ਤੱਕ ਅੱਗ ਨਹੀਂ ਪਹੁੰਚੀ ਦੁਕਾਨ ਦੇ ਮਾਲਕ ਜਸਵੰਤ ਸਿੰਘ ਵਾਸੀ ਸ਼ਾਹਪੁਰ ਕੋਟਲੀ ਨੇ ਦੱਸਿਆ ਕਿ ਉਹ ਰੋਜ਼ ਦੀ ਤਰ੍ਹਾਂ ਆਪਣੀ ਦੁਕਾਨ ਬੰਦ ਕਰਕੇ ਘਰ ਚਲੇ ਗਏ। ਅੱਜ ਸਵੇਰੇ ਛੇ ਵਜੇ ਦੇ ਕਰੀਬ ਉਹਨਾਂ ਨੂੰ ਕਿਸੇ ਦਾ ਫੋਨ ਆਇਆ ਕਿ ਉਨ੍ਹਾਂ ਦੀ ਦੁਕਾਨ ਨੂੰ ਅੱਗ ਲੱਗ ਗਈ ਹੈ। ਸੂਚਨਾ ਮਿਲਣ 'ਤੇ ਉਹ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਦੇਖਿਆ ਕਿ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ। ਮੌਕੇ 'ਤੇ ਪਹੁੰਚੀਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਪਰ ਜਦੋਂ ਤੱਕ ਅੱਗ 'ਤੇ ਕਾਬੂ ਪਾਇਆ ਗਿਆ ਉਦੋਂ ਤੱਕ ਦੁਕਾਨ 'ਚ ਪਿਆ ਕੀਮਤੀ ਸਾਮਾਨ ਸੜ ਕੇ ਸੁਆਹ ਹੋ ਚੁੱਕਾ ਸੀ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਕਾਰਨ ਉਨ੍ਹਾਂ ਦਾ ਕਰੀਬ ਕਰੋੜ ਤੋਂ ਵੱਧ ਦਾ ਨੁਕਸਾਨ ਹੋਇਆ ਹੈ।

# ਬਲਾਕ ਸਮਾਣਾ ਵਿਖੇ ਮਨਾਇਆ ਤੀਆਂ ਦਾ ਮੇਲਾ : ਡਾ. ਖੇੜਾ




• ਸਮਾਣਾ

ਮਨੁੱਖੀ ਅਧਿਕਾਰ ਮੰਚ ਦੀ ਜਿਲਾ ਇਕਾਈ ਪਟਿਆਲਾ ਵੱਲੋਂ ਬਲਾਕ ਸਮਾਣਾ ਦੇ ਪਿੰਡ ਚੌਹਠ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਤੀਆਂ ਦਾ ਮੇਲਾ ਪਰਮਜੀਤ ਕੌਰ ਅਤੇ ਕਿਰਨਪਾਲ ਕੌਰ ਦੀ ਸਾਂਝੀ ਪ੍ਰਧਾਨਗੀ ਹੇਠ ਸਕੂਲੀ ਬੱਚੇ ਅਤੇ ਮਨੁੱਖੀ ਅਧਿਕਾਰ ਮੰਚ ਦੀ ਇਸਤਰੀ ਵਿੰਗ ਦੀ ਟੀਮ ਵੱਲੋਂ ਪੂਰੇ ਜ਼ੋਰਾ ਸ਼ੋਰ ਨਾਲ ਮਨਾਇਆ ਗਿਆ। ਇਸ ਮੌਕੇ ਤੀਆਂ ਦੇ ਇਕੱਠ ਨੂੰ ਸੰਬੋਧਨ ਕਰਨ ਲਈ ਸੰਸਥਾ ਦੇ ਕੌਮੀ ਪ੍ਰਧਾਨ ਡਾ. ਜਸਵੰਤ ਸਿੰਘ ਖੇੜਾ, ਕੌਮੀ ਕੋਆਰਡੀਨੇਟਰ ਗੁਰਕੀਰਤ ਸਿੰਘ ਖੇੜਾ, ਸੂਬਾ ਕੋਆਰਡੀਨੇਟਰ ਯੂਥ ਵਿੰਗ ਸੁਰਿੰਦਰ ਸਿੰਘ ਸੰਧੂ, ਕੌਮੀ ਚੇਅਰਮੈਨ ਸਲਾਹਕਾਰ ਕਮੇਟੀ ਰਘਬੀਰ ਸਿੰਘ ਬੱਡਲਾ, ਸੂਬਾ ਚੇਅਰਮੈਨ ਆਰ.ਟੀ.ਆਈ. ਸੈੱਲ ਰਾਜਿੰਦਰ ਪਾਲ ਟੰਡਨ, ਸੂਬਾ ਪ੍ਰਧਾਨ ਯੂਥ ਵਿੰਗ ਕੁਲਵੰਤ ਸਿੰਘ, ਮੈਡਮ ਕਿਰਨਦੀਪ ਕੌਰ ਗਰੇਵਾਲ ਪ੍ਰਧਾਨ ਜਿਲਾ ਲੁਧਿਆਣਾ, ਕੁਲਵੰਤ ਕੌਰ ਗਿੱਲ ਜਿਲਾ ਪ੍ਰਧਾਨ ਅਤੇ ਗੁਰਨਾਜ਼ ਕੌਰ ਗਰੇਵਾਲ ਮੀਡਿਆ ਸਲਾਹਕਾਰ ਜਿਲਾ ਲੁਧਿਆਣਾ ਵਿਸ਼ੇਸ਼ ਤੌਰ ਤੇ ਪੁਹੰਚੇ। ਇਸ ਮੌਕੇ ਸਕੂਲੀ ਬੱਚਿਆਂ ਦੁਆਰਾ ਗਿੱਧਾ, ਭੰਗੜਾ, ਬੋਲੀਆਂ ਅਤੇ ਪੰਜਾਬੀ ਸੱਭਿਆਚਾਰ ਨਾਲ ਜੁੜੀਆਂ ਸਿੱਠਣੀਆਂ ਉੱਪਰ ਕਮਾਲ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਅਲੱਗ ਅਲੱਗ ਬੁਲਾਰਿਆਂ ਨੇ ਪੰਜਾਬੀ ਮਾਂ ਬੋਲੀ ਨੂੰ ਸੰਭਾਲਣ ਅਤੇ ਬੋਲਣ ਉੱਤੇ ਜ਼ੋਰ ਦਿੱਤਾ। ਇਸ ਮੌਕੇ ਕਿ ਅਜਿਹੇ ਸਕੂਲੀ ਪ੍ਰੋਗਰਾਮ ਕਰਕੇ ਪਿੰਡਾਂ ਦੀਆਂ ਔਰਤਾਂ ਨੂੰ ਜਾਗਰੂਕ ਅਤੇ ਲਾਮਬੰਦ ਕਰਨਾ ਚਾਹੀਦਾ ਹੈ ਤਾਂ ਜੋ ਸਮਾਜ ਵਿਚ ਧੀਆਂ ਪੁੱਤਰਾਂ ਵਿੱਚ ਵੱਖਰੇਵੇਂ ਵਰਗੀਆਂ ਸਮਾਜਿਕ ਕੁਰੀਤੀਆਂ ਦਾ ਅੰਤ ਹੋ ਸਕੇ। ਇਸ ਮੌਕੇ ਸੁਰਿੰਦਰ ਸਿੰਘ ਸੰਧੂ ਕੋਆਰਡੀਨੇਟਰ ਯੂਥ ਵਿੰਗ ਪੰਜਾਬ ਨੇ ਸਮੂਹ ਸਮਾਜ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ੇਂ ਵਰਗੀਆਂ ਅਲਾਮਤਾਂ ਤੋਂ ਦੂਰ ਰਹਿਣ ਲਈ ਮਨੁੱਖੀ ਅਧਿਕਾਰ ਮੰਚ ਨਾਲ ਜੁੜੋ ਅਤੇ ਸਮਾਜ ਸੇਵਾ ਕਰਨ ਲਈ ਇੱਕ ਪਲੇਟ ਫਾਰਮ ਤੇ ਇਕੱਠੇ ਹੋਵੋ।ਇਸ ਮੌਕੇ ਸਕੂਲੀ ਬੱਚੇ, ਪਿੰਡ ਦੇ ਮੋਹਤਬਰ, ਸਕੂਲ ਸਟਾਫ ਅਤੇ ਮਨੁੱਖੀ ਅਧਿਕਾਰ ਮੰਚ ਦੇ ਸਮੂਹ ਅਹੁਦੇਦਾਰਾਂ ਨੂੰ ਸਨਮਾਨ ਚਿੰਨ ਅਤੇ ਮੈਡਲ ਦੇ ਕਿ ਸਨਮਾਨਿਤ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਲੀਮਾ ਪੁਰੀ ਸਕੂਲ ਹੈੱਡ ਅਧਿਆਪਿਕਾ ਅਤੇ ਸਮੂਹ ਸਟਾਫ, ਬਲਜੀਤ ਕੌਰ, ਵਿਸਾਖਾ ਸਿੰਘ, ਹਰਪ੍ਰੀਤ ਸਿੰਘ, ਅਮਰਵੀਰ ਵਰਮਾ, ਮੁੱਲਾ ਸਿੰਘ, ਖੁਸ਼ਪ੍ਰੀਤ ਕੌਰ ਗਰੇਵਾਲ, ਲਖਵਿੰਦਰ ਸਿੰਘ, ਜਸਪ੍ਰੀਤ ਸਿੰਘ, ਜਗਜੋਤ ਕੌਰ, ਮਨਜੀਤ ਕੌਰ, ਰਣਜੀਤ ਕੌਰ, ਰਿਆ ਸੋਨੀ, ਸਿਮਰਨਜੀਤ ਕੌਰ, ਮਨਪ੍ਰੀਤ ਕੌਰ, ਜਗਕਿਰਨ ਕੌਰ ਵੜੈਚ ਮੁੱਖ ਸਲਾਹਕਾਰ ਇਸਤਰੀ ਵਿੰਗ ਨੇ ਵੀ ਤੀਆਂ ਦੇ ਮੇਲੇ ਨੂੰ ਸੰਬੋਧਿਤ ਕੀਤਾ।

# ਜ਼ਿਲ੍ਹਾ ਪ੍ਰਸ਼ਾਸਨ ਨੇ 25 ਅਗਸਤ ਤੱਕ ਪਿੰਡਾਂ ਵਿੱਚ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਲਗਾਏ ਜਾਣ ਵਾਲੇ ਕੈਂਪਾਂ ਦਾ ਵੇਰਵਾ ਜਾਰੀ ਕੀਤਾ

• ਗੁਰਦਾਸਪੁਰ-ਨਵਨੀਤ ਕੁਮਾਰ

ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਯੋਗ ਲਾਭਪਾਤਰੀ ਪਰਿਵਾਰਾਂ ਦੇ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਵਿਸ਼ੇਸ਼ ਜਾਗਰੂਕਤਾ ਵੈਨ ਜਰੀਏ ਜ਼ਿਲ੍ਹੇ ਦੇ ਪਿੰਡ-ਪਿੰਡ ਪਹੁੰਚ ਕੇ ਲੋਕਾਂ ਨੂੰ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਲਗਾਏ ਜਾ ਰਹੇ ਕੈਂਪਾਂ ਦਾ ਵੇਰਵਾ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ ਅਗਰਵਾਲ ਨੇ ਦੱਸਿਆ ਕਿ ਆਯੂਸ਼ਮਾਨ ਭਾਰਤ ਪ੍ਰਚਾਰ ਵੈਨ ਰਾਹੀਂ 11 ਅਗਸਤ ਨੂੰ ਪਿੰਡ ਨਾਨੋਵਾਲ ਜੀਂਦੜ ਅਤੇ ਭੈਣੀ ਮੀਆਂ ਖਾਂ, 12 ਅਗਸਤ ਨੂੰ ਪਿੰਡ ਧੰਦੋਈ ਅਤੇ ਸ੍ਰੀ ਹਰਗੋਬਿੰਦਪੁਰ ਸਾਹਿਬ, 13 ਅਗਸਤ ਨੂੰ ਘੁਮਾਣ ਤੇ ਦਕੋਹਾ,



14 ਅਗਸਤ ਨੂੰ ਕਾਦੀਆਂ ਅਤੇ ਸੇਖਵਾਂ, 16 ਅਗਸਤ ਨੂੰ ਫੈਜ਼ਉੱਲਾ-ਚੱਕ ਅਤੇ ਘੁੰਮਣ ਕਲਾਂ, 17 ਅਗਸਤ ਨੂੰ ਕਲਾਨੌਰ ਅਤੇ ਵਡਾਲਾ ਬਾਂਗਰ, 18 ਅਗਸਤ ਨੂੰ ਫ਼ਤਹਿਗੜ੍ਹ ਚੂੜੀਆਂ ਅਤੇ ਹਰਦੋਵਾਲ, 19 ਅਗਸਤ ਨੂੰ ਜੈਤੋ ਸਰਜਾ ਅਤੇ ਰੰਗੜ ਨੰਗਲ, 20 ਅਗਸਤ ਨੂੰ ਛੋਟੇ ਘੁੰਮਣ ਅਤੇ ਧਾਰੀਵਾਲ, 21 ਅਗਸਤ ਨੂੰ ਗੁਰਦਾਸ ਨੰਗਲ ਅਤੇ ਹਰਦੋ ਬਥਵਾਲਾ, 22 ਅਗਸਤ ਨੂੰ ਬਹਿਰਾਮਪੁਰ ਅਤੇ ਮਰਾੜਾ, 23 ਅਗਸਤ ਨੂੰ ਦੀਨਾਨਗਰ ਅਤੇ ਪਨਿਆੜ, 24 ਅਗਸਤ ਨੂੰ ਬੱਬੇਹਾਲੀ ਅਤੇ ਔਜਲਾ, 25 ਅਗਸਤ ਨੂੰ ਗੁਰਦਾਸਪੁਰ ਸ਼ਹਿਰ ਵਿਖੇ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਡਿਪਟੀ ਕਮਿਸ਼ਨਰ ਨੇ ਸਮੂਹ ਯੋਗ ਲਾਭਪਤਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਕੈਂਪਾਂ ਦਾ ਲਾਭ ਉਠਾ ਕੇ ਆਪਣੇ ਸਿਹਤ ਬੀਮਾ ਯੋਜਨਾ ਦੇ ਕਾਰਡ ਜਰੂਰ ਬਣਾਉਣ।

# ਪੰਜਾਬ ਸਰਕਾਰ ਵੱਲੋਂ ਆਸ਼ੀਰਵਾਦ ਸਕੀਮ ਤਹਿਤ ਜ਼ਿਲ੍ਹਾ ਸੰਗਰੂਰ ਨੂੰ 4.67 ਕਰੋੜ ਰੁਪਏ ਜਾਰੀ : ਡਿਪਟੀ ਕਮਿਸ਼ਨਰ

ਸੰਗਰੂਰ/ਕੁਲਵਿਦਰ ਸਿੰਘ ਧੀਮਾਨ

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਹੇਠ ਗਰੀਬ ਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਨੂੰ ਵਿਆਹ ਮੌਕੇ ਆਸ਼ੀਰਵਾਦ ਸਕੀਮ ਤਹਿਤ ਦਿੱਤੀ ਜਾਂਦੀ 51 ਹਜ਼ਾਰ ਰੁਪਏ ਦੀ ਮਾਲੀ ਮਦਦ ਵਜੋਂ ਸੰਗਰੂਰ ਜ਼ਿਲ੍ਹੇ ਲਈ 4.67 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਸਮਾਜਿਕ ਨਿਆਂ ਤੇ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ.ਬਲਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੰਗਰੂਰ ਜ਼ਿਲ੍ਹੇ ਲਈ ਜਾਰੀ ਕੀਤੀ ਰਾਸ਼ੀ ਵਿੱਚ ਅਨੁਸੂਚਿਤ ਜਾਤੀਆਂ ਦੇ ਲਾਭਪਾਤਰੀਆਂ ਲਈ 2.93 ਕਰੋੜ ਅਤੇ ਪਛੜੀਆਂ ਸ਼?ਰੇਣੀਆਂ ਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਲਾਭਪਾਤਰੀਆਂ ਲਈ 1.74 ਕਰੋੜ ਰੁਪਏ ਜਾਰੀ ਕੀਤੇ ਗਏ ਹਨ।



ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਆਸ਼ੀਰਵਾਦ ਸਕੀਮ ਤਹਿਤ ਸੰਗਰੂਰ ਜ਼ਿਲ੍ਹੇ ਚ 4.67 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ, ਜਿਸ ਰਾਸ਼ੀ ਨਾਲ ਅਨੁਸੂਚਿਤ ਜਾਤੀਆਂ ਦੇ 575 ਲਾਭਪਾਤਰੀਆਂ ਨੂੰ ਲਾਭ ਮਿਲੇਗਾ ਅਤੇ ਇਸੇ ਤਰ੍ਹਾਂ ਪੱਛੜੀਆਂ ਸ਼?ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨਾਲ ਸਬੰਧਤ 342 ਲਾਭਪਾਤਰੀਆਂ ਨੂੰ ਲਾਭ ਮਿਲੇਗਾ। ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਸੁਖਸਾਗਰ ਸਿੰਘ ਨੇ ਦੱਸਿਆ ਕਿ ਪ੍ਰਾਪਤ ਹੋਈ ਰਾਸ਼ੀ ਡੀ.ਬੀ.ਟੀ. ਮੋਡ ਰਾਹੀਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾ ਰਹੀ ਹੈ ਅਤੇ ਸਰਕਾਰ ਵੱਲੋਂ ਬਾਕੀ ਰਹਿੰਦੇ ਲਾਭਪਾਤਰੀਆਂ ਨੂੰ ਵੀ ਰਾਸ਼ੀ ਜਲਦ ਹੀ ਜਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਆਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ/ਈਸਾਈ ਬਰਾਦਰੀ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀ ਵਿਧਵਾਵਾਂ ਦੀਆਂ ਲੜਕੀਆਂ, ਪੱਛੜੀਆਂ ਸ਼?ਰੇਣੀਆਂ ਅਤੇ ਆਰਥਿਕ ਤੌਰ ਤੇ ਪੱਛੜੇ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ/ਤਲਾਕਸ਼ੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ 51000 ਰੁਪਏ ਦੀ ਵਿੱਤੀ ਸਹਾਇਤਾ ਸ਼ਗਨ ਵਜੋਂ ਦਿੱਤੀ ਜਾਂਦੀ ਹੈ।

# ਐਸ ਸੀ ਡੀ ਸਰਕਾਰੀ ਕਾਲਜ ਲੁਧਿਆਣਾ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਸ਼ਾਨਦਾਰ ਨਤੀਜੇ

• ਲੁਧਿਆਣਾ/ਸੁਖਚੈਨ ਮਹਿਰਾ

ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਦੇ ਪੋਸਟ ਗਰੇਜੂਏਟ ਪੰਜਾਬੀ ਵਿਭਾਗ ਦੇ ਐਮ.ਏ ਭਾਗ ਦੂਜਾ ਦੇ ਵਿਦਿਆਰਥੀ ਨੇ ਯੂਨੀਵਰਸਿਟੀ ਦੀ ਚੌਥੇ ਸਮੈਸਟਰ ਦੀ ਹੋਈ ਪ੍ਰੀਖਿਆ ਵਿਚੋਂ ਦਵਿੰਦਰ ਕੁਮਾਰ ਭੋਲਾ ਨੇ ਛੇਵਾਂ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸਪਲ ਡਾ. ਤਨਵੀਰ ਲਿਖਾਰੀ ਨੇ ਵਿਦਿਆਰਥੀ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨਾ ਨੇ ਪੰਜਾਬੀ ਭਾਸ਼ਾ ਨਾਲ ਜੁੜੇ ਇਸ ਵਿਦਿਆਰਥੀ ਨੂੰ ਮਾਤ ਭਾਸ਼ਾ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ ਅਤੇ ਸਮਾਜ ਵਿੱਚ ਇਕ ਖਾਸ ਮਿਸਾਲ ਬਣਨ ਲਈ ਸ਼ੁੱਭ ਕਾਮਨਾਵਾਂ ਦਿਤੀਆਂ।ਵਿਭਾਗ ਦੇ ਮੁਖੀ ਪ੍ਰੋ.ਗੀਤਾਂਜਲੀ ਪਬਰੇਜਾ ਨੇ ਵੀ ਵਿਦਿਅਰਥੀ ਨੂੰ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਉਨ੍ਹਾਂ ਨੇ ਇਸ ਆਲ ਰਾਊਂਡਰ ਵਿਦਿਆਰਥੀ ਲਈ ਉਸਦੇ ਉਜਵਲ ਭਵਿੱਖ ਲਈ ਕਾਮਨਾ ਕੀਤੀ ਉਨ੍ਹਾਂ ਦਸਿਆ ਕਿ ਇਹ ਵਿਦਿਆਰਥੀ ਕੇਵਲ ਪੜ੍ਹਨ ਵਿੱਚ ਹੀ ਨਹੀ ਕਾਲਜ ਵਿੱਚ ਹੁੰਦੇ ਯੂਥ ਫੈਸਟੀਵਲ ਦੌਰਾਨ ਵਿਰਾਸਤੀ ਅਤੇ ਸਭਿਆਚਾਰਕ ਕਵਿਜ ਵਿੱਚ ਕਈ ਵਾਰ ਪਹਿਲਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕਰ ਚੁੱਕਾ ਹੈ। ਇਸ ਮੌਕੇ ਵਿਭਾਗ ਦੇ ਪ੍ਰੋ ਮਨਦੀਪ ਸਿੰਘ ਪ੍ਰੋ ਬਲਜੀਤ ਕੌਰ ਪ੍ਰੋ ਚਮਕੌਰ ਸਿੰਘ ਪ੍ਰੋ. ਅਮਨਦੀਪ ਪ੍ਰੋ ਹਰਜਿੰਦਰ ਕੌਰ ਪ੍ਰੋ ਮਿਤਾਲੀ ਤਲਵਾਰ ਵੀ ਮੌਜੂਦ ਰਹੇ ਉਨ੍ਹਾਂ ਨੇ ਦਵਿੰਦਰ ਅਤੇ ਉਸਦੇ ਮਾਤਾ ਪਿਤਾ ਨੂੰ ਮੁਬਾਰਕਬਾਦ ਦਿੱਤੀ।



# ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਬਡੂੰਗਰ ਦੀ ਧਰਮ ਪਤਨੀ ਬੀਬੀ ਨਿਰਮਲ ਕੌਰ ਦੀਆਂ ਅਸਥੀਆਂ ਜਲ ਪ੍ਰਵਾਹ



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਦੀ ਧਰਮ ਪਤਨੀ ਬੀਬੀ ਨਿਰਮਲ ਕੌਰ (85 ਸਾਲਾਂ) ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ ਉਹਨਾਂ ਦੀਆਂ ਅਸਥੀਆਂ ਅੱਜ ਸ੍ਰੀ ਕੀਰਤਪੁਰ ਸਾਹਿਬ ਦੇ ਇਤਿਹਾਸਿਕ ਗੁਰਦੁਆਰਾ ਪਤਾਲਪੁਰੀ ਸਾਹਿਬ ਨਜ਼ਦੀਕ ਸਤਲੁਜ ਦਰਿਆ ਤੇ ਬਣੇ ਅਸਥਘਾਟ ਤੋਂ ਜਲ ਪ੍ਰਵਾਹ ਕੀਤੀਆਂ ਗਈਆਂ। ਅਸਥੀਆਂ ਜਲ ਪ੍ਰਵਾਹ ਕਰਨ ਤੋਂ ਪਹਿਲਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਵੱਲੋਂ ਗੁਰੂ ਚਰਨਾਂ 'ਚ ਅਰਦਾਸ ਕੀਤੀ ਗਈ।ਇਸ ਤੋਂ ਬਾਅਦ ਸਮੂਹ ਪਰਿਵਾਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਗੁਰਦੁਆਰਾ ਪਤਾਲਪੁਰੀ ਸਾਹਿਬ ਮੱਥਾ ਟੇਕ ਕੇ ਕੀਰਤਨ ਸਰਵਣ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਾਬਕਾ ਸਿੱਖਿਆ ਮੰਤਰੀ ਡਾ.ਦਲਜੀਤ ਸਿੰਘ ਚੀਮਾ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਲੋਕ ਸਭਾ ਮੈਂਬਰ, ਭਾਈ ਅਮਰਜੀਤ ਸਿੰਘ ਚਾਵਲਾ ਤੇ ਦਲਜੀਤ ਸਿੰਘ ਭਿੰਡਰ (ਦੋਵੇਂ ਸ਼੍ਰੋਮਣੀ ਕਮੇਟੀ ਮੈਂਬਰ), ਅਕਾਲੀ ਆਗੂ ਜਗਦੀਪ ਸਿੰਘ ਚੀਮਾ, ਗਿਆਨੀ ਜੋਗਿੰਦਰ ਸਿੰਘ ਹੈੱਡ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਪ੍ਰੀਤ ਸਿੰਘ ਰੋਡੇ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਮਰਜੀਤ ਸਿੰਘ ਐਡੀਸ਼ਨਲ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,ਸੰਦੀਪ ਸਿੰਘ ਕਲੋਤਾ ਮੈਨੇਜਰ ਗੁਰਦੁਆਰਾ ਪਤਾਲਪੁਰੀ ਸਾਹਿਬ, ਪ੍ਰਿੰਸੀਪਲ ਜਸਵੀਰ ਸਿੰਘ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ, ਮਨਜਿੰਦਰ ਸਿੰਘ ਬਰਾੜ, ਜਥੇਦਾਰ ਰਾਮ ਸਿੰਘ, ਸੁਰਿੰਦਰ ਸਿੰਘ ਮਟੌਰ, ਮਨਜੀਤ ਸਿੰਘ ਨੀਟੂ, ਡਾ ਖ਼ੁਸ਼ਹਾਲ ਸਿੰਘ ਬਰੂਵਾਲ ਆਦਿ ਸਮੇਤ ਸ਼੍ਰੋਮਣੀ ਕਮੇਟੀ ਮੁਲਾਜ਼ਮ ਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਹਾਜਰ ਸਨ।

## ਸ਼ਾਂਤੀ ਦੇਵੀ ਕਾਲਜ ਚ ਤੀਆਂ ਦਾ ਮੇਲਾ ਅੱਜ : ਪ੍ਰਿੰ. ਡਾ. ਰੀਨਾ ਤਲਵਾਰ



**• ਦੀਨਾਨਗਰ**

ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ ਦੀਨਾਨਗਰ ਚ ਪੰਜਾਬੀ ਵਿਭਾਗ ਅਤੇ ਯੁਵਕ ਭਲਾਈ ਵਿਭਾਗ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪ੍ਰਿੰਸੀਪਲ ਡਾ ਰੀਨਾ ਤਲਵਾਰ ਦੀ ਅਗਵਾਈ ਚ ਤੀਆਂ ਦਾ ਮੇਲਾ ਬੜੀ ਹੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਸ਼ੂ ਅਗਰਵਾਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਪ੍ਰੋਗਰਾਮ ਚ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਮੁੱਖ ਮਹਿਮਾਨ ਵੱਲੋਂ ਪ੍ਰੋਗਰਾਮ ਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਅੰਤ ਵਿੱਚ ਕਾਲਜ ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਜਾਵੇਗਾ।







## ਸੰਤੋਸ਼ ਕਟਾਰੀਆ ਵਿਧਾਇਕ ਦੇ ਯਤਨਾ ਸਦਕਾ ਅਟਾਲ ਮਜਾਰਾ ਵਿਖੇ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੋਇਆ ਹੱਲ



**• ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ**

ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਪੀਣ ਵਾਲੇ ਪਾਣੀ ਦੀ ਸੁਵਿਧਾ ਹਰੇਕ ਪਿੰਡ ਵਿੱਚ ਨਿਰਵਿਘਨ ਮਹੁੱਈਆ ਕਰਵਾਈ ਜਾ ਰਹੀ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਅਪਣੇ ਬਲਾਚੌਰ ਦਫਤਰ ਵਿਖੇ ਕੀਤਾ। ਬੀਬੀ ਸੰਤੋਸ਼ ਕਟਾਰੀਆ ਨੇ ਕਿਹਾ ਕਿੰਨੀ ਤ੍ਰਾਸਦੀ ਝੱਲਣੀ ਪਈ ਹੈ ਅਟਾਲ ਮਜਾਰਾ ਦੇ ਵਾਸੀਆਂ ਨੂੰ, 13 ਸਾਲਾਂ ਤੋਂ ਪਿੰਡ ਵਾਸੀਆਂ ਦੀ ਮੰਗ ਸੀ ਕਿ ਪਿੰਡ ਵਿੱਚ ਪੀਣ ਵਾਲੇ ਪਾਣੀ ਤੇ ਪਾਣੀ ਦੀ ਟੈਂਕੀ ਬਣਾ ਕੇ ਹਰੇਕ ਪਿੰਡ ਵਾਸੀ ਦੇ ਘਰ ਤੱਕ ਪਾਣੀ ਪੁੱਜਦਾ ਕਰਨ ਲਈ ਪ੍ਰਤੂੰ ਅਕਾਲੀ ਭਾਜਪਾ ਸਰਕਾਰ ਤੇ ਕਾਂਗਰਸ ਦੀ ਸਰਕਾਰ ਨੇ ਕੋਈ ਪਿੰਡ ਵਾਸੀਆਂ ਦੀ ਸਾਰ ਨਹੀਂ ਲਈ। ਇਸ ਮੌਕੇ ਅਸ਼ੋਕ ਕਟਾਰੀਆ ਸੀਨੀਅਰ ਨੇਤਾ ਆਮ ਆਦਮੀ ਪਾਰਟੀ ਨੇ ਕਿਹਾ ਕਿ ਪਿੰਡ ਵਾਸੀਆਂ ਵਲੋਂ ਵਿਧਾਇਕ ਸੰਤੋਸ਼ ਕਟਾਰੀਆ ਨੂੰ ਇਹ ਦੱਸਿਆ ਗਿਆ ਤਾਂ ਉਹਨਾਂ ਨੇ ਤੁਰੰਤ ਇਸ ਤੇ ਕਾਰਵਾਈ ਕਰਨ ਦੇ ਸਬੰਧਿਤ ਵਿਭਾਗ ਨੂੰ ਦਿਸ਼ਾ ਨਿਰਦੇਸ਼ ਦਿੱਤੇ। ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਚੰਦਰ ਮੋਹਨ ਜੇਡੀ ਹਲਕਾ ਮੀਡੀਆ ਤੇ ਜਿਲ੍ਹਾ ਮੀਡੀਆ ਇੰਚਾਰਜ ਨੇ ਕਿਹਾ ਕਿ ਹਲਕੇ ਵਿੱਚ ਕਿਸੇ ਨੂੰ ਵੀ ਕੋਈ ਸਮੱਸਿਆ ਆਉਂਦੀ ਹੈ ਤਾਂ ਬੇਝਿਜਕ ਉਹ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਦੇ ਦਫਤਰ ਸਪੰਰਕ ਕਰ ਸਕਦਾ ਹੈ। ਇਸ ਮੌਕੇ ਗੁਰਮੱਖ ਸਿੰਘ ਫੌਜੀ, ਲੰਬੜਦਾਰ ਸੁਰਜੀਤ ਸਿੰਘ, ਪਾਲ ਸਿੰਘ,ਹਰਬੰਸ ਸਿੰਘ,ਜਰਨੈਲ ਸਿੰਘ, ਬਹਾਦਰ ਸਿੰਘ,ਸ਼ਿੰਗਾਰਾ ਸਿੰਘ, ਗੁਰਮੱਖ ਸਿੰਘ ਨੇ ਖੁਸ਼ੀ ਵਿੱਚ ਬੀਬੀ ਸੰਤੋਸ਼ ਕਟਾਰੀਆ ਤੇ ਅਸ਼ੋਕ ਕਟਾਰੀਆ ਦਾ ਮੂੰਹ ਮਿੱਠਾ ਕਰਵਾਇਆ।

## ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਸ਼ਹੀਦ ਭਗਤ ਸਿੰਘ ਢਢੋਗਲ ਨੂੰ 85ਵੀਂ ਬਰਸੀ ਮੌਕੇ ਸ਼ਰਧਾਂਜਲੀ ਭੇਂਟ

**• ਧੂਰੀ /ਕੁਲਵਿੰਦਰ ਸਿੰਘ ਧੀਮਾਨ**

ਪੰਜਾਬ ਰਿਆਸਤੀ ਪਰਜਾ ਮੰਡਲ ਦੇ ਪ੍ਰਧਾਨ ਰਹੇ ਸ਼ਹੀਦ ਭਗਤ ਸਿੰਘ ਢਢੋਗਲ ਨੂੰ 85ਵੀਂ ਬਰਸੀ ਮੌਕੇ ਸ਼ਰਧਾਂਜਲੀ ਭੇਂਟ ਕਰਦਿਆਂ ਪੰਜਾਬ ਦੇ ਸੁਤੰਤਰਤਾ ਸੈਨਾਨੀਆਂ ਅਤੇ ਰੱਖਿਆ ਸੇਵਾਵਾਂ ਭਲਾਈ, ਸੂਚਨਾ ਤੇ ਲੋਕ ਸੰਪਰਕ ਅਤੇ ਬਾਗਬਾਨੀ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।

ਉਨ੍ਹਾਂ ਕਿਹਾ ਕਿ ਅਮਰ ਸ਼ਹੀਦ ਸ. ਭਗਤ ਸਿੰਘ ਢਢੋਗਲ ਦੀ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਕਿਉਂਕਿ ਉਨ੍ਹਾਂ ਨੇ ਆਪਣਾ ਜੀਵਨ ਹੋਰਨਾਂ ਨੂੰ ਸਮਰਪਿਤ ਕੀਤਾ ਅਤੇ ਉਨ੍ਹਾਂ ਦੇ ਦਿਖਾਏ ਦੇਸ਼ ਭਗਤੀ ਦੇ ਮਾਰਗ ਉਤੇ ਸਾਨੂੰ ਸਾਰਿਆਂ ਨੂੰ ਚੱਲਣ ਦੀ ਲੋੜ ਹੈ।



ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ਹੀਦਾਂ ਦੀ ਕੁਰਬਾਨੀ ਨੂੰ ਸਿਜਦਾ ਕਰਦੇ ਹੋਏ ਉਨ੍ਹਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਸਰਗਰਮ ਉਪਰਾਲੇ ਕੀਤੇ ਜਾ ਰਹੇ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਅਖੰਡ ਭਾਰਤ ਦੀ ਆਜ਼ਾਦੀ ਲਈ ਅਤੇ ਆਮ ਜਨਤਾ ਨੂੰ ਰਾਜ-ਭਾਗ ਦਾ ਹਿੱਸੇਦਾਰ ਬਣਾਉਣ ਲਈ ਸ. ਭਗਤ ਸਿੰਘ ਢਢੋਗਲ ਨੇ 10 ਅਗਸਤ 1938 ਨੂੰ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ। ਉਨ੍ਹਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਉਂਦੇ ਇੱਕ ਸਾਲ ਦੇ ਅੰਦਰ ਅੰਦਰ ਪਿੰਡ ਢਢੋਗਲ ਦੇ ਵਿਕਾਸ ਲਈ ਅਹਿਮ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਇਸ ਮੌਕੇ ਸ਼ਹੀਦ ਭਗਤ ਸਿੰਘ ਢਢੋਗਲ ਦੇ ਬੁੱਤ ਦੇ ਆਲੇ ਦੁਆਲੇ ਪਾਰਕ ਦੇ ਕਾਇਆ ਕਲਪ ਲਈ ਪੰਜ ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸ਼ਹੀਦ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਪਿੰਡ ਵਾਸੀਆਂ ਵੱਲੋਂ ਸੌਂਪੇ ਗਏ ਮੰਗ ਪੱਤਰ ਵਿੱਚ ਸ਼ਾਮਲ ਹਰ ਮੰਗ ਨੂੰ ਤਰਜੀਹੀ ਆਧਾਰ ਉੱਤੇ ਪੂਰਾ ਕੀਤਾ ਜਾਵੇਗਾ। ਇਸ ਮੌਕੇ ਓ ਐਸ ਡੀ ਪ੍ਰੋਫੈਸਰ ਓਂਕਾਰ ਸਿੰਘ, ਐਸ ਡੀ ਐਮ ਅਮਿਤ ਗੁਪਤਾ, ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ, ਜੱਸੀ ਸੇਖੋਂ, ਰਾਜਵੰਤ ਸਿੰਘ ਘੁੱਲੀ, ਸਤਿੰਦਰ ਸਿੰਘ ਚੱਠਾ, ਅਨਵਰ ਭਸੌੜ , ਸੁਖਬੀਰ ਸਿੰਘ ਗੋਰਾ ਸਮੇਤ ਹੋਰ ਸ਼ਖਸੀਅਤਾਂ ਹਾਜ਼ਰ ਸਨ।

### ਕਿਸਾਨਾਂ ਮਜ਼ਦੂਰਾਂ ਨੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ

# ਕਾਰਪੋਰੇਟ ਲੁਟੇਰਿਓ ਭਾਰਤ ਛੱਡੋ ਦੇ ਰੂਪ ਵਿੱਚ ਗੁਰੂ ਨਾਨਕ ਪਾਰਕ ਵਿੱਚ ਇਕੱਤਰ ਹੋ ਕੇ ਰੈਲੀ ਕੀਤੀ



• ਦੋਰਾਂਗਲਾ

ਵੱਡੀ ਗਿਣਤੀ ਵਿਚ ਕਿਸਾਨਾਂ ਮਜ਼ਦੂਰਾਂ ਨੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਕਾਰਪੋਟੇਟ ਲੁਟੇਰਿਓ ਭਾਰਤ ਛੱਡੋ ਦੇ ਰੂਪ ਵਿੱਚ ਗੁਰੂ ਨਾਨਕ ਪਾਰਕ ਵਿੱਚ ਇਕੱਤਰ ਹੋ ਕੇ ਰੈਲੀ ਕੀਤੀ । ਇਸ ਸਮੇਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਰਾਹੀਂ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਭੇਜਿਆ ਗਿਆ ,ਇਸ ਦੀ ਅਗਵਾਈ ਮੱਖਣ ਸਿੰਘ ਕੋਹਾੜ ਤੇ ਅਜੀਤ ਸਿੰਘ ਹੁੰਦਲ , ਸਤਬੀਰ ਸਿੰਘ ਸੁਲਤਾਨੀ ਤੇ ਤਰਲੋਕ ਸਿੰਘ ਬਹਿਰਾਮਪੁਰ , ਸੁਖਦੇਵ ਸਿੰਘ ਭਾਗੋਕਾਂਵਾ ਤੇ ਬਲਬੀਰ ਸਿੰਘ ਉੱਚਾ ਧਕਾਲਾ , ਗੁਰਵਿੰਦਰ ਸਿੰਘ ਤੇ ਦਲਬੀਰ ਸਿੰਘ ਜੀਵਨ ਚੱਕ ਅਤੇ ਸੁਰਿੰਦਰ ਸਿੰਘ ਕੋਠੇ ਨੇ ਸਾਂਝੇ ਤੋਰ ਤੇ ਕੀਤੀ । ਬੁਲਾਰਿਆਂ ਨੇ ਐਮ ਐਸ ਪੀ ਦੀ ਗਰੰਟੀ ਦਾ ਵਾਅਦੇ ਮੁਤਾਬਿਕ ਕਾਨੂੰਨ ਬਣਾਉਣ , ਮਜ਼ਦੂਰਾਂ ਕਿਸਾਨਾਂ ਲਈ 60 ਸਾਲ ਦੀ ਉਮਰ ਬਾਅਦ 10 ਹਜ਼ਾਰ ਮਾਸਿਕ ਪੈਨਸ਼ਨ , ਕਿਸਾਨੀ ਸੰਘਰਸ਼ ਦੇ ਸ਼ਹੀਦ ਪਰਿਵਾਰਾਂ ਨੂੰ ਨੌਕਰੀ ਦੇਣ , ਲਖੀਮਪੁਰ ਦੇ ਕਾਤਲਾਂ ਨੂੰ ਸਜ਼ਾਵਾਂ ਦੇਣ , ਹੜ ਪੀੜਤਾਂ ਨੂੰ ਮਕਾਨਾਂ ਲਈ 10-10 ਲੱਖ ਦੀ ਸਹਾਇਤਾ ਅਤੇ ਰੁੜ ਗਈਆਂ ਫਸਲਾਂ ਦਾ ਤਤਕਾਲ ਮੁਆਵਜ਼ਾ ਦੇਣ ਆਦਿ ਮੰਗਾਂ ਕੀਤੀਆਂ । ਬੁਲਾਰਿਆਂ ਨੇ ਦੋਸ਼ ਲਾਇਆ ਕਿ ਕੇਂਦਰ ਦੀ ਸਰਕਾਰ ਚਲਾ ਰਾਹੀ ਭਾਜਪਾ ਜੋ ਉਸ ਸਮੇਂ ਜਨ-ਸੰਘ ਦੇ ਨਾਂ ਨਾਲ ਜਾਣੀ ਜਾਂਦੀ ਸੀ ਨੇ ਭਾਰਤ ਛੱਡੋ ਅੰਦੋਲਨ ਵਿੱਚ ਕੋਈ ਹਿੱਸਾ ਨਹੀਂ ਲਿਆ ਸੀ ,ਪਰ ਅੰਗਰੇਜ਼ਾਂ ਦੀ ਥਾਂ ਮੱਲ ਕੇ ਸਾਮਰਾਜ ਤੇ ਕਾਰਪੋਰੇਟ ਘਰਾਣਿਆਂ ਨੂੰ ਦੇਸ਼ ਦੇ ਕੁਦਰਤੀ ਸੋਮੇ ਲੁੱਟਾਂ ਰਹੀ ਹੈ । ਇਸ ਕਰਕੇ ਅੱਜ 9 ਅਗਸਤ ਨੂੰ ਕਾਰਪੋਰੇਟ ਲੁਟੇਰੀਓ ਭਾਰਤ ਛੱਡੋ ਦਾ ਨਾਹਰਾ ਸਾਰੇ ਦੇਸ਼ ਵਿੱਚ ਬੁਲੰਦ ਕੀਤਾ ਗਿਆ ਹੈ । ਪੰਜਾਬ ਬੰਦ ਦੀ ਹਮਾਇਤ ਵਿੱਚ ਸੁੱਕਾ ਤਲਾਅ ਵਿੱਖੇ ਕੀਤੀ ਗਈ ਰੈਲੀ ਵਿੱਚ ਸ਼ਮੂਲੀਅਤ ਕੀਤੀ ਗਈ ਅਤੇ ਮੰਗ ਕੀਤੀ ਕਿ ਮਨੀਪੁਰ ਦੇ ਮੁੱਖ ਮੰਤਰੀ ਸੁਰੇਨ ਸਿੰਘ ਬਰਖਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ । ਕਬਾਇਲੀ ਗਰੀਬ ਕੂਕੀ ਭਾਈਚਾਰੇ ਨੂੰ ਪੂਰਨ ਇਨਸਾਫ਼ ਦਿੱਤਾ ਜਾਵੇ । ਇਸ ਮੌਕੇ ਤੇ ਹੋਰਣਾਂ ਤੋਂ ਇਲਾਵਾ ਡਾ ਜਗਜੀਵਨ ਲਾਲਕਪੂਰ ਸਿੰਘ ਘੁੰਮਣ , ਚੰਨਣ ਸਿੰਘ ਦੋਰਾਂਗਲਾ , ਡਾਕਟਰ ਬਲਬੀਰ ਸਿੰਘ ਪੀਰਾਂਬਾਗ , ਅਮਰਜੀਤ ਸਿੰਘ ਸੰਤਨਗਰ , ਗੁਰਮੀਤ ਸਿੰਘ ਥਾਣੇਵਾਲ , ਕੁਲਜੀਤ ਸਿੰਘ ਸਿਧਵਾਂ ਜਮੀਤ , ਦਿਲਬਾਗ ਸਿੰਘ ਡੋਗਰ , ਰਾਜ ਕੁਮਾਰ , ਵਿਜੇ ਸੋਹਲ , ਗੁਲਜ਼ਾਰ ਸਿੰਘ ਭੁੰਬਲੀ , ਡਾਕਟਰ ਰਾਮ ਸਿੰਘ , ਉਮ ਸ਼ਰਮਾ , ਹਰਭਜਨ ਸਿੰਘ ਮਾਂਗਟ , ਦਲਬੀਰ ਸਿੰਘ ਸ਼ਮਸ਼ੇਰਪੁਰ , ਮੁੱਖਤਿਆਰ ਸਿੰਘ ਮੱਲੀਆਂ ਆਦਿ ਹਾਜ਼ਰ ਸਨ ।

# ਕੌਮੀ ਪ੍ਰਧਾਨ ਯੂਥ ਅਕਾਲੀ ਦਲ ਸਰਬਜੀਤ ਝਿੰਜਰ ਦਾ ਬਲਾਚੌਰ ਪਹੁੰਚਣ ਤੇ ਕੀਤਾ ਸ਼ਨਦਾਰ ਸਵਾਗਤ



ਬਲਾਚੌਰ /ਕਾਠਗੜ/ਜਤਿੰਦਰਪਾਲ ਸਿੰਘ ਕਲੇਰ

ਪੰਜਾਬ ਯੂਥ ਮਿਲਣੀ ਦੇ ਤਹਿਤ ਏਐਸ ਰਿਜੋਰਟ ਰੱਤਵਾਲ ਵਿਖੇ ਸਵਰਗੀ ਮੁੱਖ ਸੰਸਦੀ ਸਕੱਤਰ ਚੌਧਰੀ ਨੰਦ ਲਾਲ ਦੇ ਨੂੰਹ ਅਤੇ ਇਸਤਰੀ ਵਿੰਗ ਦੀ ਇੰਚਾਰਜ ਬੀਬੀ ਸੁਨੀਤਾ ਚੌਧਰੀ ਵੱਲੋਂ ਕੌਮੀ ਪ੍ਰਧਾਨ ਯੂਥ ਅਕਾਲੀ ਦਲ ਸਰਬਜੀਤ ਸਿੰਘ ਝਿੰਜਰ ਦਾ ਹਲਕਾ ਬਲਾਚੌਰ ਆਉਣ ਤੇ ਸ਼ਾਨਦਾਰ ਸਵਾਗਤ ਕੀਤਾ ਗਿਆ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਦੇਸ਼ ਦੇ ਕਿਸਾਨਾਂ ,ਮਜਦੂਰਾਂ ਤੇ ਗਰੀਬਾ ਦੇ ਹੱਕਾ ਦੇ ਲਈ ਲੜਨ ਵਾਲੀ ਇੱਕੋ ਇੱਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੈ, ਜਿਸ ਨੇ ਲੋਕਾਂ ਦੀ ਭਲਾਈ ਦੇ ਲਈ ਬਹੁਤ ਸਾਰੀਆ ਸਕੀਮਾ ਚਾਲੂ ਕੀਤਾ, ਜਿਵੇ ਕਿ ਆਟਾ ਦਾਲ ਸਕੀਮ, ਅਸ਼ੀਰਵਾਦ ਸਕੀਮ, ਬੁਢਾਪਾ ਪੈਨਸ਼ਨ, ਬੇਰੁਜਗਾਰਾ ਨੂੰ ਰੋਜਗਾਰ ਮੁਹੱਈਆ ਕਰਵਾਉਣ ਲਈ ਹਮੇਸ਼ਾ ਤਤਪਰ ਰਹੀ ਹੈ, ਉਨਾ ਕਿਹਾ ਕਿ ਆਮ ਆਦਮੀ ਪਾਰਟੀ ਸਿਰਫ ਗਰੰਟੀਆ ਦੀ ਦਿੰਦੀ ਹੈ ਉਹ ਆਪਣੇ ਚੋਣ ਮੈਨੀਫੈਸਟੋਂ ਵਿੱਚ ਕੀਤੇ ਗਏ ਵਾਅਦਿਆ ਨੂੰ ਅਜੇ ਤੱਕ ਪੂਰਾ ਨਹੀ ਕਰ ਸਕੀ, ਮਹਿਲਾਵਾਂ ਨੂੰ ਇਕ ਹਜਾਰ ਰੁਪਏ ਦੀ ਪੈਨਸ਼ਨ ਦੇਣ ਵਿੱਚ ਵੀ ਨਾਕਾਮ ਸਾਬਤ ਹੋਈ ਹੈ, ਆਏ ਦਿਨ ਪੰਜਾਬ ਵਿੱਚ ਗੈਂਗਵਾਰ, ਲੁੱਟਾ ਖੋਹਾ, ਗੋਲੀਆ ਚੱਲਣ ,ਜਬਰਜਿਨਾਹ ਦੀਆ ਆਮ ਘਟਨਾਵਾਂ ਹੋ ਰਹੀਆ ਹੈ, ਲੋਕਾ ਆਪਣੇ ਆਪ ਨੂੰ ਅਸਰੁੱਖਿਅਤ ਮਹਿਸੂਸ ਕਰ ਰਹੇ ਹਨ, ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਬਿਲਕੁਲ ਖਤਮ ਹੋ ਗਈ ਹੈ, ਜਿਸਦੇ ਚੱਲਦੇ ਕਾਰੋਬਾਰੀਆ ਨੂੰ ਸਰੇਆਮ ਧਮਕੀਆ ਮਿਲ ਰਹੀਆ ਹਨ, ਉਨਾ ਕਿਹਾ ਕਿ ਇਸ ਸਰਕਾਰ ਦੀਆ ਗਲਤ ਨੀਤੀਆ ਦੇ ਚੱਲਦੇ ਹੁਣ ਯੂਥ ਨੂੰ ਅੱਗੇ ਆਉਣ ਦੀ ਲੋੜ ਹੈ ਜਿਸਦੇ ਲਈ ਉਹ ਅੱਜ ਦੇ ਯੂਥ ਨੂੰ ਲਾਮਬੰਦ ਕਰ ਰਹੇ ਹਨ, ਇਸ ਮੌਕੇ ਤੇ ਬੀਬੀ ਸੁਨੀਤਾ ਚੌਧਰੀ ਨੇ ਕਿਹਾ ਕਿ ਅੱਜ ਨੌਜਵਾਨਾ ਪੀੜੀ ਨੂੰ ਅੱਗੇ ਆਉਣ ਦੀ ਲੋੜ ਹੈ, ਇਹਨਾ ਦੇ ਹੱਥ ਵਿੱਚ ਹੀ ਦੇਸ਼ ਸੁਰੱਖਿਅਤ ਰਹਿ ਸਕਦਾ ਹੈ, ਇਸ ਲਈ ਸਾਨੂੰ ਇਨਾ ਦਾ ਸਾਥ ਦੇਣਾ ਚਾਹੀਦਾ ਹੈ, ਇਸ ਮੌਕੇ ਤੇ ਗੁਰਪ੍ਰੀਤ ਗੁੱਜਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆ ਗਲਤ ਨੀਤੀਆ ਤੋ ਹਰ ਵਰਗ ਦੁੱਖੀ ਹੋ ਚੁੱਕਾ ਹੈ, ਇਸ ਲਈ ਪਿਛਲੇ ਲੰਬੇ ਸਮੇਂ ਤੋ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਕਾਰਜਕਾਲ ਵਿੱਚ ਕਿਸੇ ਨਾਲ ਕੋਈ ਭੇਦ ਭਾਵ ਨਹੀ ਕੀਤਾ, ਉਸ ਨੇ ਹਮੇਸ਼ਾ ਹਰ ਵਰਗ ਦੇ ਲੋਕਾਂ ਦੇ ਹਿੱਤਾ ਦੀ ਗੱਲ ਕੀਤੀ, ਉਨਾ ਕਿਹਾ ਕਿ ਆਉਣ ਵਾਲੀਆ ਚੋਣਾ ਵਿੱਚ ਵੀ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ, ਇਸ ਮੌਕੇ ਤੇ ਸੁਖਦੀਪ ਸਿੰਘ ਸੁਕਾਰ, ਸੰਤੋਖ ਸਿੰਘ ਸ਼ਿਵਾਲਿਕ, ਰਮਨਦੀਪ ਸਿੰਘ ਥਿਆੜਾ, ਗੁਰਪ੍ਰੀਤ ਗੁੱਜਰ, ਰੈਲਮਾਜਰਾ, ਹਨੀ ਟੌਂਸਾ, ਚੌਧਰੀ ਸਰਵਣ ਰਾਮ ਮੀਲੂ' ਸੁਰਜੀਤ ਸਿੰਘ ਦੌਭਾਲੀ, ਦਲਜੀਤ ਸਿੰਘ ਮਾਣੇਵਾਲ, ਸੁਰਜੀਤ ਕੌਹਲੀ, , ਪੰਮੀ ਬਰੇਤਾ, ਚੌਧਰੀ ਮਦਨ ਲਾਲ ਠੇਕੇਦਾਰ, ਹਜੂਰਾ ਸਿੰਘ ਪੈਲੀ, ਰਮਨ ਚੌਧਰੀ, ਸਰਜਾਤ ਚੌਧਰੀ, ਹਰਕੰਵਲ ਸਿੰਘ, ਧਰਮਪਾਲ ਕੌਹਲੀ, ਜੀਤ ਰੱਤੇਵਾਲ, ਬੱਬੂ ਬੂਥਗੜ੍ਹ, ਮਦਨ ਰਾਜੂ ਮਾਜਰਾ, ਸਮੇਤ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਈ।

# ਕਿਰਤੀ ਕਿਸਾਨ ਯੂਨੀਅਨ ਇਲਾਕਾ ਔੜ ਦੀ ਮੀਟਿੰਗ ਸੁਰਿੰਦਰ ਸਿੰਘ ਮਹਿਰਮ ਪੁਰ ਦੀ ਅਗਵਾਈ ਹੇਠ ਹੋਈ



• ਸਹੀਦ ਭਗਤ ਸਿੰਘ ਨਗਰ

ਇਥੇ ਕਿਰਤੀ ਕਿਸਾਨ ਯੂਨੀਅਨ ਇਲਾਕਾ ਔੜ? ਦੀ ਮੀਟਿੰਗ ਸੁਰਿੰਦਰ ਸਿੰਘ ਮਹਿਰਮ ਪੁਰ ਦੀ ਅਗਵਾਈ ਹੇਠ ਹੋਈ ਇਲਾਕੇ ਭਰ ਚੋਂ 40 ਤੋਂ ਵੱਧ ਕਿਸਾਨ ਕਾਰਕੁਨ ਸ਼ਾਮਲ ਹੋਏ ਸੰਯੁਕਤ ਕਿਸਾਨ ਮੋਰਚੇ ਤੇ ਦਿੱਤੇ ਸੱਦੇ ਤੇ ਐਮ. ਐਲ. ਏ ਅਤੇ ਮੰਤਰੀਆਂ ਦੇ ਘਰਾਂ ਅੱਗੇ ਹੜ੍ਹਾਂ ਨਾਲ਼ ਹੋਏ ਖਰਾਬੇ ਦਾ ਮੁਆਵਜਾ ਲੈਣ ਅਤੇ ਆਪ ਸਰਕਾਰ ਦੇ ਲਾਰਿਆਂ ਦਾ ਪਰਦਾ ਫਾਸ਼ ਕਰਨ ਲਈ ਧਰਨੇ ਦੇਣ ਦੇ ਫ਼ੈਸਲੇ ਨੂੰ ਲਾਗੂ ਕਰਨ ਲਈ ਬਲਾਚੌਰ ਤੋਂ ਐਮ. ਐਲ. ਏ ਸੰਤੋਸ਼ ਕਟਾਰੀਆ ਦੇ ਘਰ ਅੱਗੇ ਧਰਨਾ ਦਿੱਤਾ ਜਾਵੇਗਾ ਔੜ? ਇਲਾਕੇ ਵਿੱਚੋਂ 100 ਤੋਂ ਕਿਸਾਨ ਸ਼ਾਮਲ ਹੋਣਗੇ ਇਸੇ ਤਰ੍ਹਾਂ ਚਿੱਪਾਂ ਵਾਲ਼ੇ ਬਿਜਲੀ ਦੇ ਮੀਟਰ ਲਾਉਣ ਦੇ ਸਰਕਾਰ ਦੇ ਫ਼ੈਸਲੇ ਦਾ ਵਿਰੋਧ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ 17 ਅਗਸਤ ਨੂੰ ਐਸ ਈ ਨੂੰ ਮੰਗ ਪੱਤਰ ਦੇਣ ਸਮੇਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਜਾਣਗੇ ਅਤੇ 28 ਅਗਸਤ ਨੂੰ ਐਸ ਈ ਦੇ ਦਫਤਰ ਅੱਗੇ ਧਰਨਾ ਦਿੱਤਾ ਜਾਵੇਗਾ ਔੜ? ਇਲਾਕੇ ਵਿੱਚੋਂ 100 ਕਿਸਾਨ ਧਰਨੇ ਵਿਚ ਸ਼ਾਮਲ ਕਰਾਉਣ ਦਾ ਫ਼ੈਸਲਾ ਕੀਤਾ ਅੱਜ ਦੀ ਮੀਟਿੰਗ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਵੜੈਚ ਨੇ ਵੀ ਸੰਬੋਧਨ ਕੀਤਾ ਸ਼ਾਮਲ ਕਿਸਾਨ ਆਗੂਆਂ ਅਤੇ ਕਾਰਕੁੰਨਾ ਵਿਚ ਕਰਨੈਲ ਸਿੰਘ ਉੜਾਪੜ੍ਹ, ਅਵਤਾਰ ਸਿੰਘ ਸਕੋਹਪੁਰ, ਬਹਾਦੁਰ ਸਿੰਘ ਧਰਮਕੋਟ, ਜੀਵਨ ਦਾਸ ਬੇਗੋਵਾਲ, ਕਸ਼ਮੀਰਾ ਸਿੰਘ ਬੇਗੋਵਾਲ, ਹਰਜੀਤ ਸਿੰਘ ਫਾਂਬੜਾ, ਅਤੇ ਹੋਰ ਬਹੁਤ ਸਾਰੇ ਕਿਸਾਨ ਸ਼ਾਮਲ ਸਨ ਮੀਟਿੰਗ ਨੇ ਫ਼ੈਸਲਾ ਕੀਤਾ ਕਿ ਵੱਖ ਵੱਖ ਪਿੰਡਾਂ ਵਿਚ ਅਨਾਊਂਸਮੈਂਟਾਂ ਕਰਵਾਈਆਂ ਜਾਣਗੀਆਂ ਅਤੇ ਕਿਸਾਨਾਂ ਨੂੰ ਜਾਗਰਤ ਕੀਤਾ ਜਾਵੇਗਾ।

# ਪਿੰਡਾਂ ਤੋਂ ਸਰਕਾਰ ਚਲਾਉਣ ਵਾਲੇ ਮੁੱਖ ਮੰਤਰੀ ਪਿੰਡਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਪੇਂਡੂ ਭੱਤਾ ਦੇਣ : ਡੀਟੀਐੱਫ

• ਸੰਗਰੂਰ/ਕੁਲਵਿੰਦਰ ਸਿੰਘ ਧੀਮਾਨ

ਪੰਜਾਬ ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਦੀ ਤਰਜ ਤੇ ਸੂਬੇ ਦੇ ਦੂਰ ਦੁਰਾਡੇ ਪੇਂਡੂ ਅਤੇ ਬਾਰਡਰ ਖੇਤਰਾਂ ਵਿੱਚ ਸੇਵਾ ਨਿਭਾ ਰਹੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਹਨਾਂ ਇਲਾਕਿਆਂ ਵਿੱਚ ਮਿਲਦੇ ਵਿਸ਼ੇਸ਼ ਭੱਤਿਆਂ ਦੀ ਰੈਸ਼ਨਲਾਈਜੇਸ਼ਨ ਦੇ ਨਾਂ ਹੇਠ ਰੋਕ ਕੇ ਘੋਰ ਆਰਥਿਕ ਸ਼ੋਸਣ ਕੀਤਾ ਜਾ ਰਿਹਾ ਹੈ।

ਡੀ.ਟੀ.ਐੱਫ ਸੰਗਰੂਰ ਦੇ ਪ੍ਰਧਾਨ ਸੁਖਵਿੰਦਰ ਗਿਰ, ਜਨਰਲ ਸਕੱਤਰ ਅਮਨ ਵਸਿਸ਼ਟ, ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ, ਸੂਬਾ ਕਮੇਟੀ ਮੈਂਬਰ ਦਲਜੀਤ ਸਫੀਪੁਰ , ਮੇਘਰਾਜ ਅਤੇ ਜਿਲਾ ਪ੍ਰੈੱਸ ਸਕੱਤਰ ਕਰਮਜੀਤ ਨਦਾਮਪੁਰ ਨੇ ਦੱਸਿਆ ਕਿ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਜਾਰੀ ਹੋਣ ਦੇ ਲਗਪਗ ਦੋ ਸਾਲ ਤੋਂ ਵੱਧ ਸਮਾਂ ਬੀਤਣ ਉਪਰੰਤ ਵੀ ਅਜੇ ਤਕ ਕੱਟੇ ਹੋਏ ਭੱਤਿਆਂ ਨੂੰ ਲਾਗੂ ਨਹੀਂ ਕੀਤਾ ਗਿਆ।

ਰੈਸ਼ਨਲਾਈਜੇਸ਼ਨ ਦੇ ਬਹਾਨੇ ਰੋਕੇ ਪੇਂਡੂ ਭੱਤੇ ਅਤੇ ਬਾਰਡਰ ਭੱਤੇ ਕਾਰਣ ਮੁਲਾਜ਼ਮਾਂ ਦਾ ਸ਼ਹਿਰੀ ਖੇਤਰਾਂ ਵਿੱਚ ਸੇਵਾ ਕਰਨ ਦਾ ਰੁਝਾਨ ਵਧ ਗਿਆ।

ਆਗੂਆਂ ਨੇ ਪੰਜਾਬ ਸਰਕਾਰ ਨੂੰ ਸੁਚੇਤ ਕਰਦਿਆਂ ਕਿਹਾ ਕਿ ਅਜਿਹਾ ਹੋਣ ਨਾਲ ਪਿੰਡ ਅਤੇ ਬਾਰਡਰ ਖੇਤਰ ਦੇ ਪਿੰਡ ਹੋਰ ਪੱਛੜ ਜਾਣਗੇ। ਭਾਂਵੇ ਪੰਜਾਬ ਦੇ ਮੁੱਖ ਮੰਤਰੀ ਆਪਣੀ ਸਰਕਾਰ ਦੇ ਪਿੰਡਾਂ ਤੋਂ ਚੱਲਣ ਦੇ ਦਾਅਵੇ ਕਰਦੇ ਹਨ ਪਰ ਸਰਕਾਰ ਵੱਲੋਂ ਭੱਤਿਆਂ ਸਬੰਧੀ ਅਪਣਾਈ ਨੀਤੀ ਕਾਰਣ ਮੁਲਾਜ਼ਮਾਂ ਖਾਸ ਕਰਕੇ ਅਧਿਆਪਕਾਂ ਦਾ ਪਿੰਡਾਂ ਵਿੱਚ ਨੌਕਰੀ ਕਰਨ ਤੋਂ ਮਨ ਖੱਟਾ ਪੈ ਗਿਆ ਹੈ। ਉਹ ਸ਼ਹਿਰੀ ਖੇਤਰਾਂ ਵਿੱਚ ਬਦਲੀਆਂ ਕਰਵਾਉਣ ਦੇ ਚਾਹਵਾਨ ਹਨ ਕਿਉਂਕਿ ਪਿੰਡਾਂ ਵਿੱਚ ਨੌਕਰੀ ਕਰਨ ਵਾਲੇ ਮੁਲਾਜ਼ਮਾਂ ਨੂੰ ਬੇਸਿਕ ਪੇ ਦਾ ਦੋ ਪ੍ਰਤੀਸ਼ਤ ਤੋਂ ਅੱਠ ਪ੍ਰਤੀਸ਼ਤ ਘੱਟ ਮਿਲ ਰਿਹਾ ਹੈ। ਆਗੂਆਂ ਨੇ ਪਿੰਡਾਂ ਤੋਂ ਸਰਕਾਰ ਚਲਾਉਣ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਪਾਸੋਂ ਪਿੰਡਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਪੇਂਡੂ ਭੱਤਾ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਤਾਂ ਜੋ ਪਿੰਡਾਂ ਵਿੱਚ ਸੇਵਾ ਕਰਨ ਵਾਲੇ ਮੁਲਾਜ਼ਮਾਂ ਦਾ ਪਿੰਡ ਵਿੱਚ ਸੇਵਾ ਕਰਨ ਦਾ ਉਤਸ਼ਾਹ ਬਣਿਆ ਰਹੇ। ਇਸ ਸਬੰਧੀ ਡੀ.ਟੀ.ਐਫ ਸੰਗਰੂਰ ਦੇ ਕਮਲਜੀਤ ਬਨਭੌਰਾ, ਕੁਲਵੰਤ ਖਨੌਰੀ, ਰਾਜ ਸੈਣੀ, ਰਵਿੰਦਰ ਦਿੜ੍ਹਬਾ, ਦੀਨਾ ਨਾਥ, ਸ਼ਿਵਾਲੀ ਲਹਿਰਾ, ਗੁਰਜੀਤ ਸ਼ਰਮਾ, ਰਣਧੀਰ ਸੰਗਰੂਰ, ਸੁਖਪਾਲ ਸਫੀਪੁਰ, ਰਮਨ ਗੋਇਲ, ਮਨਜੀਤ ਲਹਿਰਾ, ਸੁਖਵੀਰ ਖਨੌਰੀ ਅਤੇ ਲਾਲ ਚੰਦ ਨਦਾਮਪੁਰ ਨੇ ਪੰਜਾਬ ਸਰਕਾਰ ਕੋਲੋਂ ਪੁਰਜ਼ੋਰ ਮੰਗ ਕੀਤੀ ਪੇਂਡੂ ਭੱਤਾ, ਬਾਰਡਰ ਏਰੀਆ ਭੱਤਾ ਸਮੇਤ ਬਾਕੀ ਭੱਤਿਆਂ, 4-9-14 ਏ.ਸੀ.ਪੀ ਸਕੀਮ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ, ਪੁਰਾਣੀ ਪੈਨਸ਼ਨ ਸਕੀਮ ਜਲਦੀ ਤੋਂ ਜਲਦੀ ਲਾਗੂ ਕੀਤੀ ਜਾਵੇ ਤਾਂ ਜੋ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਪ੍ਰਾਪਤ ਹੋ ਸਕੇ।

# 157 ਅਧਿਆਪਕ ਵੀ ਪੱਕੇ ਕਰਨ ਦੀ ਮੰਗ

• ਨਵਾਂਸ਼ਹਿਰ /ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ

ਭਾਵੇਂ ਪੰਜਾਬ ਸਰਕਾਰ ਵਲੋਂ 12500 ਕੱਚੇ ਅਧਿਆਪਕਾਂ ਨੂੰ ਪੱਕੇ ਕਰਕੇ ਉਹਨਾਂ ਦੇ ਪਰਿਵਾਰਾਂ ਤੋਂ ਦੁਆਵਾਂ ਲਈਆਂ ਗਈਆਂ ਹਨ ਪਰ ਇਹਨਾਂ ਹੀ ਅਧਿਆਪਕਾਂ ਦੇ 157 ਸਾਥੀ ਹਾਲੇ ਵੀ 'ਪੱਕੇ ਅਧਿਆਪਕ' ਅਖਵਾਉਣ ਨੂੰ ਤਰਸ ਰਹੇ ਹਨ।ਇਹਨਾਂ 157 ਅਧਿਆਪਕਾਂ ਵਿੱਚ ਸ਼ਾਮਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨਾਲ ਸਬੰਧਤ ਸੋਮਾ ਦੇਵੀ ਅਤੇ ਮੰਜੂ ਬਾਲਾ ਨੇ ਦੱਸਿਆ ਕਿ ਉਹ ਬਾਕੀਆਂ ਦੇ ਬਰਾਬਰ ਤਜ਼ਰਬਾ ਰੱਖਦੇ ਹੋਣ ਦੇ ਬਾਵਜੂਦ ਉਹਨਾਂ ਨੂੰ ਪੱਕੇ ਨਾ ਕਰਕੇ ਬੇਹੱਦ ਨਿਰਾਸ਼ ਹਨ।ਉਹਨਾਂ ਮੰਗ ਕੀਤੀ ਕਿ ਸਰਕਾਰ ਅਜ਼ਾਦੀ ਦਿਵਸ 'ਤੇ ਉਹਨਾਂ ਸਮੇਤ ਰਹਿੰਦੇ 157 ਅਧਿਆਪਕਾਂ ਨੂੰ ਵੀ 15 ਅਗਸਤ ਤੋਂ ਪਹਿਲਾਂ ਪੱਕਿਆਂ ਕਰਨ ਦਾ ਐਲਾਨ ਕਰੇ।ਇਥੇ ਦੱਸਣਯੋਗ ਹੈ ਕਿ ਇਹਨਾਂ 157 ਅਧਿਆਪਕਾਂ ਦੀ ਯੂਨੀਅਨ ਨੇ 15 ਅਗਸਤ ਤੋਂ ਸਰਕਾਰ ਖਿਲਾਫ ਸੰਘਰਸ਼ ਕਰਨ ਦਾ ਐਲਾਨ ਕੀਤਾ ਹੋਇਆ ਹੈ।



# ਨਾਮਧਾਰੀ ਸੰਗਤ ਟੋਰੰਟੋ ਵੱਲੋਂ ਮੁਖੀ ਠਾਕੁਰ ਦਲੀਪ ਸਿੰਘ ਦਾ ਜਨਮ ਦਿਨ ਮਨਾਇਆ

## ਅਜਿਹੇ ਸਮਾਗਮ ਆਪਸੀ ਭਾਈਚਾਰਕ ਸਾਂਝ ਅਤੇ ਏਕਤਾ ਦਾ ਸੁਨੇਹਾ ਦਿੰਦੇ ਹਨ : ਝੀਤਾ

**• ਸ਼ੇਰਪੁਰ**

ਨਾਮਧਾਰੀ ਸੰਗਤ ਟੋਰੰਟੋ ਵੱਲੋਂ ਵਰਤਮਾਨ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਜੀ ਦੇ ਜਨਮ ਦਿਨ ਤੇ ਸਾਲਾਨਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਨਾਮਧਾਰੀ ਸੰਗਤ ਤੋਂ ਇਲਾਵਾ ਟੋਰਾਂਟੋ ਦੀਆਂ ਨਾਮਵਾਰ ਸਾਹਿਤਕ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ ਹਿੱਸਾ ਲਿਆ ।

ਇਸ ਦੌਰਾਨ ਜਿਥੇ ਸ੍ਰ ਹਰਦਿਆਲ ਸਿੰਘ ਝੀਤਾ ਨੇ ਸਟੇਜ਼ ਸਕੱਤਰ ਦੀ ਜਿੰਮੇਵਾਰੀ ਬਾਖੂਬੀ ਨਿਭਾਈ ਉੱਥੇ ਉਨ੍ਹਾਂ ਚੋਣਵੇਂ ਪੱਤਰਕਾਰਾਂ ਨੂੰ ਫੋਨ ਤੇ ਦੱਸਿਆ ਕਿ ਅਜਿਹੇ ਸਮਾਗਮ ਆਪਸੀ ਭਾਈਚਾਰਕ ਸਾਂਝ ਅਤੇ ਏਕਤਾ ਦਾ ਸੁਨੇਹਾ ਦਿੰਦੇ ਹਨ ਅਜਾਇਬ ਸਿੰਘ ਚੱਠਾ ਨੇ ਕਾਇਦਾ ਏ ਨੂਰ ਸੰਸਥਾਂ ਦੇ ਆਗੂਆਂ ਨੂੰ ਭੇਟ ਕੀਤਾ ।

ਸਮਾਗਮ ਦੌਰਾਨ ਵੱਡੀ ਗਿਣਤੀ ਪਰਿਵਾਰਾਂ ਵੱਲੋਂ ਸ਼ਿਰਕਤ ਕੀਤੀ ਜਿੰਨ੍ਹਾਂ ਨੇ ਠਾਕੁਰ ਦਲੀਪ ਸਿੰਘ ਦੀ ਉਸਤਤ ਵਿੱਚ ਗੀਤ ਅਤੇ ਕਵਿਤਾਵਾਂ ਗਾਈਆਂ ਗਈਆਂ, ਬੱਚਿਆਂ ਨੇ ਖੇਡਾਂ ਦਾ ਆਨੰਦ ਮਾਣਿਆ, ਵੱਖ-ਵੱਖ ਵਿਦਵਾਨ ਸਖਸ਼ੀਅਤਾਂ ਨੇ ਨਾਮਧਾਰੀ ਸੰਗਤ ਟੋਰੰਟੋ ਅਤੇ ਵੱਖ-ਵੱਖ ਸੰਸਥਾਵਾਂ ਵਲੋਂ ਸਮੇਂ ਸਮੇਂ ਕਰਵਾਏ ਜਾਂਦੇ ਧਾਰਮਿਕ, ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਕੀਤੀ ਜਾਂਦੀ ਸੇਵਾ ਅਤੇ ਸਹਿਯੋਗ ਦਾ ਜ਼ਿਕਰ ਕੀਤਾ ਅਤੇ ਸੰਗਤਾਂ ਵੱਲੋਂ ਸਫ਼ਾਈ ਮੁਹਿੰਮ ਵੀ ਚਲਾਈ ਗਈ ।ਇਸ ਮੌਕੇ ਸੰਸਥਾ ਦੇ ਪ੍ਰਧਾਨ ਕਰਨੈਲ ਸਿੰਘ ਮਰਵਾਹਾ, ਗੁਰਚਰਨ ਸਿੰਘ, ਰਵਿੰਦਰ ਪਾਲ ਸਿੰਘ ਵਿਰਦੀ , ਹਰਦਿਆਲ ਸਿੰਘ ਝੀਤਾ , ਦਲਜੀਤ ਸਿੰਘ ਗੈਦੂ , ਜੋਗਿੰਦਰ ਸਿੰਘ ਮੁਕਤਾ, ਸੰਤੋਖ ਸਿੰਘ ਸੰਧੂ ਗੁਰਸੇਵਕ ਸਿੰਘ ਅਜਾਇਬ ਸਿੰਘ ਚੱਠਾ, ਜਗਦੀਪ ਸਿੰਘ ਗੁਰਬਚਨ ਸਿੰਘ ਤੋਂ ਇਲਾਵਾ ਹੋਰ ਵੀ ਵੱਡੀ ਗਿਣਤੀ ਸੰਗਤਾਂ ਮੌਜੂਦ ਸਨ।

# ਸਿੱਖ ਮਿਸ਼ਨਰੀ ਕਾਲਜ ਨੇ 10 ਮਿਸ਼ਨਰੀ ਕੌਮ ਨੂੰ ਕੀਤੇ ਸਮਰਪਿਤ



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

## ■ ਨਵੇਂ ਸੈਸ਼ਨ ਦੀ ਅਰੰਭਤਾ ਅਤੇ ਪੁਰਾਣੇ ਸੈਸ਼ਨ ਦੀ ਸੰਪੂਰਨਤਾ ਤੇ ਕਰਵਾਇਆ ਅਰਦਾਸ ਸਮਾਗਮ- ਪ੍ਰਿੰ: ਚਰਨਜੀਤ ਸਿੰਘ

ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ ਅਪ੍ਰੈਲ 1995 ਤੋਂ ਗੁਰਬਾਣੀ ਸੰਥਿਆ, ਕਥਾ ਵਾਚਕ, ਕੀਰਤਨੀਏ ਅਤੇ ਤਬਲਾ ਵਾਦਕ ਦੀ ਤਿੰਨ ਸਾਲਾ ਡਿਪਲੋਮਾ ਕੋਰਸ ਰਾਹੀਂ ਸਿਖਲਾਈ ਦੇ ਕੇ ਅਨੇਕਾਂ ਵਿਦਿਆਰਥੀ ਸਿੱਖ ਕੌਮ ਦੀ ਝੋਲੀ ਪਾ ਚੁੱਕਾ ਹੈ। ਅੱਜ ਵੀ ਕਾਲਜ ਵਿੱਚ 2020 ਤੋਂ 2023 ਸੈਸ਼ਨ ਦੀ ਸੰਪੂਰਨਤਾ ਅਤੇ 2023 ਤੋਂ 2026 ਦੇ ਸੈਸ਼ਨ ਦੀ ਅਰੰਭਤਾ ਦੀ ਅਰਦਾਸ ਕੀਤੀ ਗਈ। ਇਸ ਮੌਕੇ ਪ੍ਰਿੰ: ਚਰਨਜੀਤ ਸਿੰਘ ਨੇ ਕੋਰਸ ਕਰ ਚੁੱਕੇ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਸਮਰਪਿਤ ਹੋ ਕੇ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਪ੍ਰਚਾਰ ਕਰਨ ਦੀ ਸੇਧ ਦਿੱਤੀ। ਸਮਾਗਮ ਵਿੱਚ ਵਿਦਿ: ਜਸਵਿੰਦਰ ਸਿੰਘ, ਜਗਜੀਤ ਸਿੰਘ ਅਤੇ ਭਾਈ ਜਗਤਾਰ ਸਿੰਘ ਜੀ ਵਲੋਂ ਕੀਰਤਨ ਦੀ ਹਾਜ਼ਰੀ ਲਗਵਾਈ ਗਈ। ਇਸ ਸਮੇਂ ਸ੍ਰ: ਜਗਮੋਹਣ ਸਿੰਘ (ਇੰਚਾਰਜ ਕਾਲਜ ਪ੍ਰਬੰਧਕ ਕਮੇਟੀ), ਬੀਬੀ ਭੁਪਿੰਦਰ ਕੌਰ, ਬੀਬੀ ਸਤਵੰਤ ਕੌਰ, ਸ੍ਰ: ਜਸਵਿੰਦਰਪਾਲ ਸਿੰਘ ਰਾਜਾ, ਸ੍ਰ: ਬਲਵਿੰਦਰ ਸਿੰਘ, ਸ੍ਰ: ਗੁਰਜੀਤ ਸਿੰਘ, ਸ੍ਰ: ਅਕਬਾਲ ਸਿੰਘ, ਸ੍ਰ: ਅਪਾਰ ਸਿੰਘ, ਸ੍ਰ: ਗੁਰਪ੍ਰੀਤ ਸਿੰਘ ਗੋਲਡੀ, ਸ੍ਰ: ਦਰਸ਼ਨ ਸਿੰਘ, ਸ੍ਰ: ਪਰਮਜੀਤ ਸਿੰਘ ਕੋਹਲੀ ਅਤੇ ਵਿਦਿਆਰਥੀਆਂ ਦੇ ਮਾਪੇ ਹਾਜ਼ਰ ਸਨ।

# ਸਾਵਣ ਮਹੀਨੇ ਦੇ ਨਵਰਾਤਰਿਆਂ ਦੌਰਾਨ ਉੱਚਿਤ ਪ੍ਰਬੰਧਾਂ ਲਈ ਸਨਾਤਨ ਧਰਮ ਸਭਾ ਨੇ ਐਸ ਡੀ ਐਮ ਨੂੰ ਦਿੱਤਾ ਮੰਗ ਪੱਤਰ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਮਾਤਾ ਸ੍ਰੀ ਨੈਣਾ ਦੇਵੀ ਜੀ ਮਾਤਾ, ਸ੍ਰੀ ਚਿੰਤਪੁਰਨੀ ਜੀ, ਸ੍ਰੀ ਜਵਾਲਾਮੁਖੀ ਜੀ ਦੇ ਨਵਰਾਤਰਿਆਂ ਦੌਰਾਨ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਲਈ ਉੱਚਿਤ ਪ੍ਰਬੰਧਾਂ ਲਈ ਸਨਾਤਨ ਧਰਮ ਸਭਾ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਿ ਓਮ ਗੌਤਮ ਭ੍ਰਿਗੂ ਜੋਤਿਸ਼ੀ ਜਿਲ੍ਹਾ ਭਾਜਪਾ ਸਪੋਕਸਪਰਸਨ ਬਲਰਾਮ ਪਰਾਸ਼ਰ, ਜਿਲ੍ਹਾ ਸਕੱਤਰ ਭਾਜਪਾ ਰਾਮ ਕੁਮਾਰ ਸ਼ਰਮਾ ਤੇ ਖ਼ਜਾਨਚੀ ਅੰਮ੍ਰਿਤ ਲਾਲ ਗੌਤਮ (ਘੋਗਾ) ਵੱਲੋ ਐਸ ਡੀ ਐਮ ਦੀਪਾਂਕਰ ਗਰਗ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਦੌਰਾਨ ਬੁਲਾਰੇ ਬਲਰਾਮ ਪਰਾਸ਼ਰ ਪ੍ਰਧਾਨ ਹਰਿ ਓਮ ਗੌਤਮ ਤੇ ਰਾਮ ਕੁਮਾਰ ਸ਼ਰਮਾ ਨੇ ਕਿਹਾ ਕਿ ਜਿੱਥੇ ਪ੍ਰਸਾਸ਼ਨ ਵੱਲੋਂ ਪਹਿਲਾਂ ਹੀ ਐੱਸ ਡੀ ਐਮ ਸ੍ਰੀਮਤੀ ਮਨੀਸ਼ਾ ਰਾਣਾ ਦੇ ਹੁਕਮਾਂ ਤਹਿਤ ਮਾਤਾ ਸ੍ਰੀ ਨੈਣਾ ਦੇਵੀ ਜੀ ਦਰਬਾਰ ਨੂੰ ਜਾਂਦੇ ਰਸਤੇ ਤੇ ਸਾਫ਼ - ਸਫ਼ਾਈ ਤੇ ਹੋਰ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਗਏ ਹਨ ਓਹ ਸ਼ਲਾਘਾਯੋਗ ਹਨ ਤੇ ਅੱਜ ਸਨਾਤਨ ਧਰਮ ਸਭਾ ਵੱਲੋਂ ਮੰਗ ਪੱਤਰ ਰਾਹੀਂ ਅਪੀਲ ਕੀਤੀ ਗਈ ਹੈ ਕਿ ਹੋਰ ਲੋੜੀਂਦੇ ਕਦਮ ਜਿਵੇਂ ਕਿ ਸੰਗਤਾਂ ਲਈ ਪੀਣ ਵਾਲੇ ਸ਼ੁੱਧ ਪਾਣੀ ਦੀ ਵਿਵਸਥਾ ਕਰਨੀ, ਸਿਹਤ ਸਹੂਲਤਾਂ ਦਾ ਉੱਚਿਤ ਪ੍ਰਬੰਧ, ਰਾਤ ਸਮੇਂ ਰੋਡ ਤੇ ਰੌਸ਼ਨੀ ਲਈ ਲਾਈਟਾਂ ਦਾ ਪ੍ਰਬੰਧ ਤੇ ਸੁਚਾਰੂ ਰੂਪ ਵਿੱਚ ਆਵਾਜਾਈ ਬਣਾਈ ਰੱਖਣ ਲਈ ਤੇ ਸੁਰੱਖਿਆ ਲਈ ਪੁਲੀਸ ਪ੍ਰਸਾਸ਼ਨ ਦਾ ਸਹਿਯੋਗ ਤੇ ਉਚਿਤ ਪ੍ਰਬੰਧ ਤੇ ਹੋਰ ਲੋੜੀਂਦੇ ਪ੍ਰਬੰਧ ਕਰਨ ਲਈ ਮੰਗ ਪੱਤਰ ਦਿੱਤਾ ਗਿਆ ਹੈ ਤੇ ਬਲਰਾਮ ਪਰਾਸ਼ਰ ਤੇ ਅੰਮ੍ਰਿਤ ਲਾਲ ਗੌਤਮ ਨੇ ਕਿਹਾ ਕਿ ਨਵਰਾਤਰਿਆਂ ਦੌਰਾਨ ਪਹਿਲਾਂ ਵੀ ਪ੍ਰਸਾਸ਼ਨ ਵੱਲੋਂ ਉੱਚਿਤ ਪ੍ਰਬੰਧ ਕੀਤੇ ਜਾਂਦੇ ਰਹੇ ਹਨ ਤੇ ਆਸ ਕੀਤੀ ਜਾਂਦੀ ਹੈ ਕਿ ਇਸ ਵਾਰ ਵੀ ਉੱਚਿਤ ਪ੍ਰਬੰਧਾਂ ਵਿੱਚ ਕੋਈ ਕਮੀਂ ਨਹੀਂ ਰਹੇਗੀ।



# ਸਮਾਜ ਵਿੱਚ ਵਧੀਆ ਭੂਮਿਕਾ ਨਿਭਾਉਣ ਵਾਲੇ ਅਫਸਰਾਂ ਨੂੰ ਹਰ ਪਾਸੇ ਮਿਲਦਾ ਸਤਿਕਾਰ

**• ਕਾਠਗੜ੍ਹ/ਜਤਿੰਦਰ ਪਾਲ ਸਿੰਘ ਕਲੇਰ**

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਜਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਕਿਸਾਨ ਜਥੇਬੰਦੀ ਵੱਲੋਂ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਰੈਲਮਾਜਰਾ ਦੀ ਅਗਵਾਈ ਵਿੱਚ ਅੱਜ ਪਰਾਗਪੁਰ ਪੰਚਾਇਤ ਦੀ ਮਦਦ ਨਾਲ ਇੱਕ ਵਿਸ਼ੇਸ਼ ਇਕੱਠ ਕੀਤਾ ਗਿਆ। ਇਸ ਇਕੱਠ ਵਿਚ ਇਕੱਤਰ ਕਿਸਾਨਾਂ ਮਜ਼ਦੂਰਾਂ ਤੇ ਹਲਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਸੱਭ ਤੋਂ ਪਹਿਲਾਂ ਉਨ੍ਹਾਂ ਚਿੱਪ ਵਾਲੇ ਮੀਟਰਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਕਿਧਰੇ ਵੀ ਇਹ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ।

ਇਸ ਤੋਂ ਬਾਅਦ ਉਨ੍ਹਾਂ ਵੱਲੋਂ ਹਲਕੇ ਵਿੱਚ ਬੇਹਤਰ ਸੇਵਾਵਾਂ ਦੇਣ ਵਾਲਿਆਂ ਦੀ ਤਰੀਫ ਕਰਦਿਆਂ ਥਾਣਾ ਕਾਠਗੜ੍ਹ ਦੇ ਐਸ ਐਚ ਓ ਪਰਮਿੰਦਰ ਸਿੰਘ ਰਾਏ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲ ਕਰਦਿਆਂ ਜ਼ਿਲਾ ਪ੍ਰਧਾਨ ਨੇ ਕਿਹਾ ਕੀ ਕੁੱਝ ਚੁਨਿੰਦਾ ਪੱਤਰਕਾਰ ਹਨ ਜੋ ਜਨਤਾ ਦੇ ਅਹਿਮ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਚੁੱਕ ਕੇ ਉਹ ਕਾਬਲੇ ਤਰੀਫ਼ ਬਣ ਜਾਦੇ ਹਨ ਉਹਨਾਂ ਕਿਹਾ ਕੀ ਇਹ ਸਾਡੇ ਇਲਾਕੇ ਪੱਤਰਕਾਰਾਂ ਵੱਲੋਂ ਕੋਵਿਡ ਦੌਰਾਨ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਅਖ਼ਬਾਰ ਨੂੰ ਘਰ-ਘਰ ਪਹੁੰਚਾਇਆ, ਕਿਸਾਨੀ ਸੰਘਰਸ਼ ਵਿੱਚ ਪੂਰੀ ਨਿਡਰਤਾ ਨਾਲ ਜਿੱਥੇ ਕਿਸਾਨਾਂ ਦਾ ਸਾਥ ਦਿੱਤਾ ਉਥੇ ਹੀ ਲਗਾਏ ਜਾਂਦੇ ਰਹੇ ਪੱਕੇ ਧਰਨੇ ਵਿੱਚ ਰੋਜ਼ਾਨਾ ਦੋ ਪੇਪਰ ਮੁਫ਼ਤ ਵੀ ਦਿੱਤੇ ਜਾਂਦੇ ਰਹੇ ਹਨ। ਉਹਨਾਂ ਕਿਹਾ ਕਿ ਜੇਕਰ ਇਸੇ ਤਰ੍ਹਾਂ ਸਮਾਜ ਵਿੱਚ ਇਮਾਨਦਾਰ ਤੇ ਨਿਡਰ ਪ੍ਰਤੀਨਿਧ ਜਨਤਾ ਦੀ ਸੱਚ ਤੇ ਹੱਕ ਦੀ ਅਵਾਜ ਨੂੰ ਸਰਕਾਰਾਂ ਅਤੇ ਪ੍ਰਸ਼ਾਸ਼ਨ ਤੱਕ ਪਹੁੰਚਾਉਂਦੇ ਰਹਿਣਗੇ ਤਾਂ ਉਹ ਸਮਾਜ ਵਿਚ ਵੀ ਆਪਣਾ ਬਣਦਾ ਸਤਿਕਾਰ ਪਾਉਂਦੇ ਰਹਿਣਗੇ। ਇਸ ਮੌਕੇ ਉਹਨਾਂ ਵਲੋਂ ਵਧੀਆ ਸੇਵਾਵਾਂ ਨਿਭਾ ਰਹੇ ਕਾਠਗੜ੍ਹ ਦੇ ਐਸ.ਐਚ.ਓ ਇੰਸਪੈਕਟਰ ਪਰਮਿੰਦਰ ਸਿੰਘ ਰਾਏ ਅਤੇ ਸੀਨੀਅਰ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਬਿਊਰੋ ਚੀਫ ਪੰਜਾਬ ਅਤੇ ਪੱਤਰਕਾਰ ਰਜੇਸ਼ ਕੁਮਾਰ ਸ਼ਰਮਾ ਕਾਠਗੜ੍ਹ ਨੂੰ ਵਿਸ਼ੇਸ਼ ਤੌਰ ਤੇ ਸਿਰੋਪਾਓ ਪਹਿਨਾ ਕੇ ਸਨਮਾਨਿਤ ਕੀਤਾ ।ਅਤੇ ਕਿਸਾਨ ਜਥੇਬੰਦੀ ਅਤੇ ਪਿੰਡਾਂ ਦੀਆਂ ਪੰਚਾਇਤਾਂ ਅਤੇ ਇਲਾਕੇ ਦੇ ਲੋਕਾਂ ਨੇ ਇੰਸਪੈਕਟਰ ਪਰਮਿੰਦਰ ਸਿੰਘ ਰਾਏ ਅਤੇ ਪੱਤਰਕਾਰਾਂ ਦਾ ਦਿਲ ਦੀਆਂ ਗਹਿਰਾਈਆ ਤੋਂ ਧੰਨਵਾਦ ਕੀਤਾ ਇਸ ਮੌਕੇ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਤੇ ਪਰਾਗਪੁਰ ਦੇ ਸਰਪੰਚ ਕੁਲਵਿੰਦਰ ਸਿੰਘ, ਸਰਕਲ ਪ੍ਰਧਾਨ ਸਵਰਨ ਸਿੰਘ, ਸੁਰਜੀਤ ਸਿੰਘ ਮੰਡੇਰ, ਦਰਸ਼ਨ ਦੇਵ, ਸੁਰਜੀਤ ਸਿੰਘ ਦੁਭਾਲੀ, ਦਵਿੰਦਰ ਸਿੰਘ, ਕਰਮ ਸਿੰਘ, ਬਲਵੀਰ ਸਿੰਘ, ਪਰਮਜੀਤ ਸਿੰਘ, ਕਮਲ ਰਾਮ, ਪ੍ਰੇਮ ਚੰਦ, ਮੋਹਣ ਲਾਲ, ਰਣਜੀਤ ਕੌਰ, ਕਮਲਜੀਤ ਕੌਰ, ਕਰਵੀਰ ਕੌਰ, ਮਨਜੀਤ ਕੌਰ, ਅਮਨਦੀਪ ਕੌਰ ਤੋਂ ਇਲਾਵਾ ਹੋਰ ਵੀ ਹਲਕਾ ਨਿਵਾਸੀ ਹਾਜ਼ਰ ਸਨ।




# ਡੇਂਗੂ ਸਬੰਧੀ ਸਕੂਲੀ ਬੱਚਿਆਂ ਨੂੰ ਕੀਤਾ ਜਾਗਰੂਕ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਤੇ ਡਾ.ਦਲਜੀਤ ਕੌਰ ਸੀਨੀਅਰ ਮੈਡੀਕਲ ਅਫ਼ਸਰ ਮੁੱਢਲਾ ਸਿਹਤ ਕੇਂਦਰ ਕੀਰਤਪੁਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ.ਪਰਮ ਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਡੇਂਗੂ ਸਬੰਧੀ ਸਕੂਲੀ ਬੱਚਿਆ ਨੂੰ ਜਾਗਰੂਕ ਕੀਤਾ ਗਿਆ। ਅੱਜ ਐਚ.ਡੀ.ਐਨ ਸਕੂਲ ਭਨੂਪਲੀ ਵਿਖੇ ਸਿਹਤ ਵਿਭਾਗ ਦੀ ਟੀਮ ਵੱਲੋਂ ਡੇਂਗੂ ਸਬੰਧੀ ਜਾਣਕਾਰੀ ਦਿੱਤੀ ਗਈ ਤੇ ਦੱਸਿਆ ਕਿ ਡੇਂਗੂ ਬੁਖਾਰ ਏਡੀਜ਼ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਸਵੇਰੇ ਤੇ ਸ਼ਾਮ ਵੇਲੇ ਕੱਟਦਾ ਹੈ। , ਇਸ ਸਬੰਧੀ ਗੁਰਿੰਦਰ ਸਿੰਘ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਇਕੱਠਾ ਨਾ ਹੋਣ ਦਿਓ। ਉਨ੍ਹਾਂ ਦੱਸਿਆ ਕਿ ਖੜ੍ਹੇ ਪਾਣੀ ਵਿਚ ਕਾਲਾ ਤੇਲ ਪਾਇਆ ਜਾਵੇ, ਕੂਲਰ ਨੂੰ ਹਫ਼ਤੇ ਵਿੱਚ ਇੱਕ ਵਾਰੀ ਸਾਫ ਕੀਤਾ ਜਾਵੇ, ਛੱਤਾਂ ਤੇ ਬਰਤਨਾਂ ਨੂੰ ਢੱਕ ਕੇ ਰੱਖਿਆ ਜਾਵੇ, ਬੁਖਾਰ ਹੋਣ ਤੇ ਨੇੜੇ ਦੀ ਸਿਹਤ ਸੰਸਥਾ ਵਿਖੇ ਖ਼ੂਨ ਦੀ ਜਾਂਚ ਕਰਵਾਈ ਜਾਵੇ। ਉਨ੍ਹਾਂ ਦੱਸਿਆ ਕਿ ਡੇਂਗੂ ਦਾ ਟੈਸਟ ਸਿਵਲ ਹਸਪਤਾਲ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਪ੍ਰਿੰਸੀਪਲ ਨਵਦੀਪ ਸ਼ਰਮਾ, ਗੁਰਿੰਦਰ ਸਿੰਘ ਹੈਲਥ ਇੰਸਪੈਕਟਰ, ਜਗਤਾਰ ਸਿੰਘ ਵਰਕਰ, ਅਜੈ ਕੁਮਾਰ, ਰਜਿੰਦਰ ਸਿੰਘ, ਸੋਹਨ ਸਿੰਘ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।



# ਇੱਕੋ ਰਾਤ 'ਚ 9 ਮੋਟਰਾਂ ਤੋਂ ਕੇਬਲਾਂ ਚੋਰੀ, ਇੱਕ ਕਿਸਾਨ ਦੀ ਮੋਟਰ ਤੇ ਹੋਈ ਲਗਾਤਾਰ 5ਵੀਂ ਵਾਰ ਚੋਰੀ



**• ਸ਼ੇਰਪੁਰ**

ਕਸਬਾ ਸ਼ੇਰਪੁਰ ਨੇੜਲੇ ਪਿੰਡਾਂ ਵਿੱਚ ਚੋਰਾਂ ਦੇ ਹੌਂਸਲੇ ਬੁਲੰਦ ਹਨ ਜੋ ਵਾਰ-ਵਾਰ ਕਿਸਾਨਾਂ ਦੀਆਂ ਮੋਟਰਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਹਨ। ਤਾਜ਼ਾ ਜਾਣਕਾਰੀ ਅਨੁਸਾਰ ਨੇੜਲੇ ਪਿੰਡ ਰਾਮਨਗਰ ਛੰਨਾਂ ਵਿੱਖੇ ਕਾਤਰੋ ਰੋਡ ਦੇ ਨਜ਼ਦੀਕ ਮੋਟਰਾਂ ਤੋਂ ਕੇਬਲ ਚੋਰ ਗਿਰੋਹ ਵੱਲੋ ਇੱਕੋ ਰਾਤ ਵਿੱਚ 9 ਮੋਟਰਾਂ ਤੋਂ ਕੇਬਲਾਂ ਚੋਰੀ ਕਰ ਲੈ ਜਾਣ ਦੇ ਸਮਾਚਾਰ ਪ੍ਰਾਪਤ ਹੋਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਕਿਸਾਨ ਜਗਮੇਲ ਸਿੰਘ, ਹਰਭਜਨ ਸਿੰਘ, ਹਰਦੇਵ ਸਿੰਘ, ਗੁਰਦੇਵ ਸਿੰਘ ,ਮਾਸਟਰ ਚਰਨ ਸਿੰਘ ਜਵੰਧਾ ਸ਼ੇਰਪੁਰ, ਕੇਵਲ ਸਿੰਘ, ਜਰਨੈਲ ਸਿੰਘ ਨੇ ਦੱਸਿਆ ਕਿ ਜਦੋਂ ਅਸੀਂ ਸਵੇਰੇ ਆਪਣੀਆਂ ਮੋਟਰਾਂ ਵੱਲ ਗੇੜਾ ਮਾਰਨ ਆਏ ਤਾਂ ਦੇਖਿਆ ਕਿ ਸਾਡੀਆਂ ਮੋਟਰਾਂ ਤੋਂ ਸਟਾਰਟਰ ਅਤੇ ਕੇਬਲਾਂ ਆਦਿ ਚੋਰੀ ਹੋ ਚੁੱਕੀਆਂ ਸਨ। ਜਿਨ੍ਹਾਂ ਦੀ ਕੀਮਤ ਹਜ਼ਾਰਾਂ ਰੁਪਏ ਬਣਦੀ ਹੈ। ਪੀੜਤ ਕਿਸਾਨਾਂ ਨੇ ਦੱਸਿਆ ਕਿ ਇਸ ਤੋਂ ਕੁਝ ਮਹੀਨੇ ਪਹਿਲਾਂ ਵੀ ਸਾਡੀਆਂ ਮੋਟਰਾਂ ਤੋਂ ਕੇਬਲਾ ਚੋਰੀ ਹੋ ਚੁੱਕੀਆਂ ਹਨ। ਇਸ ਮੌਕੇ ਪੀੜਤ ਕਿਸਾਨ ਜਗਮੇਲ ਸਿੰਘ ਪੁੱਤਰ ਸੁਖਦੇਵ ਸਿੰਘ ਨੇ ਭਰੇ ਮਨ ਨਾਲ ਦੱਸਿਆ ਕਿ ਹਰ ਵਾਰ ਸਾਨੂੰ ਹੀ ਨਿਸ਼ਾਨਾ ਬਣਾਇਆ ਜਾਂਦਾ ਹੈ ਇਸ ਤੋਂ ਪਹਿਲਾਂ ਵੀ ਸਾਡੀ ਮੋਟਰ ਤੋਂ ਇੱਕ ਵਾਰ ਟਰਾਂਸਫਾਰਮਰ ਅਤੇ ਚਾਰ ਵਾਰ ਕੇਬਲਾਂ ਚੋਰੀ ਹੋ ਚੁੱਕੀਆਂ ਹਨ । ਜਿਸ ਕਰਕੇ ਸਾਡਾ ਲੱਖਾਂ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਕਿਸਾਨਾਂ ਨੇ ਪ੍ਰਸ਼ਾਸਨ ਤੇ ਗੁੱਸਾ ਜਾਹਿਰ ਕਰਦਿਆਂ ਕਿਹਾ ਵਾਰ ਵਾਰ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਉਣ ਦੇ ਬਾਵਜੂਦ ਵੀ ਚੋਰ ਕਾਬੂ ਨਹੀਂ ਆਏ ਜਿਸ ਕਰਕੇ ਚੋਰਾਂ ਦੇ ਹੌਸਲੇ ਬੁਲੰਦ ਹਨ ਅਤੇ ਵਾਰ ਵਾਰ ਸਾਡੀਆਂ ਮੋਟਰਾਂ ਤੋਂ ਤਾਰਾਂ ਚੋਰੀ ਹੋ ਰਹੀਆਂ ਹਨ ਕਿਸਾਨਾਂ ਨੇ ਕਿਹਾ ਕਿ ਹੁਣ ਵੀ ਇਹ ਚੋਰੀ ਦਾ ਮਾਮਲਾ ਅਸੀ ਸ਼ੇਰਪੁਰ ਪੁਲਿਸ ਦੇ ਧਿਆਨ ਵਿੱਚ ਲਿਆ ਦਿੱਤਾ ਹੈ ਦੇਖਣਾ ਹੋਵੇਗਾ ਕਿ ਕਿੰਨੀ ਦੇਰ ਵਿੱਚ ਪੁਲਸ ਦਾ ਹੱਥ ਚੋਰਾਂ ਦੀ ਗਰਦਨ ਤੱਕ ਪਹੁੰਚਦਾ ਹੈ।

# ਪਰਿਆਸ ਕਲਾ ਮੰਚ ਅਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਵੱਲੋਂ ਫਲਦਾਰ ਬੂਟੇ ਲਗਾਏ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**




ਪਰਿਆਸ ਕਲਾ ਮੰਚ ਅਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਵਲੋਂ ਪ੍ਰਿੰਸੀਪਲ ਨਿਰੰਜਨ ਸਿੰਘ ਰਾਣਾ ਅਤੇ ਅਮਰਜੀਤ ਸਿੰਘ ਦੀ ਸਾਂਝੀ ਅਗਵਾਈ ਵਿਚ ਵਾਤਾਵਰਣ ਨੂੰ ਸਾਫ਼ ਅਤੇ ਸ਼ੁੱਧ ਬਨਾਉਣ ਲਈ ਮੈਡਮ ਇਸਾਨ ਚੌਧਰੀ ਬੀਡੀਪੀਓ ਸ਼੍ਰੀ ਅਨੰਦਪੁਰ ਸਾਹਿਬ ਨੇ ਆਪਣੇ ਕਰ ਕਮਲਾ ਨਾਲ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਅਤੇ ਸੰਤ ਬਾਬਾ ਸੇਵਾ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਫਲਦਾਰ, ਛਾਂਦਾਰ ਅਤੇ ਸਜਾਵਟੀ ਬੂਟੇ ਲਗਾ ਕੇ ਅੰਮ੍ਰਿਤ ਆਜ਼ਾਦੀ ਮਹਾਂ ਉਤਸਵ ਮਨਾਇਆ। ਇਸ ਮੌਕੇ ਤੇ ਬੋਲਦੇ ਹੋਏ ਮੈਡਮ ਈਸਾ?ਨ ਚੌਧਰੀ ਨੇ ਕਿਹਾ ਕਿ ਅੱਜ ਸਾਨੂੰ ਆਪਣੇ ਵਾਤਾਵਰਣ ਅਤੇ ਧਰਤੀ ਨੂੰ ਹੜ੍ਹਾਂ ਵਰਗੀਆਂ ਕੁਦਰਤੀ ਕਰੋਪੀਆਂ ਤੋਂ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਉਹਨਾਂ ਨੇ ਕਿਹਾ ਕਿ ਪਰਿਆਸ ਕਲਾ ਮੰਚ ਅਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਸਮੇਂ ਸਮੇਂ ਤੇ ਸਮਾਜ ਸੁਧਾਰਕ ਕੰਮ ਕਰਦਾ ਰਹਿੰਦਾ ਹੈ ਜੋ ਕਿ ਸ਼ਲਾਘਾਯੋਗ ਉੱਦਮ ਹੈ। ਇਸ ਮੌਕੇ ਤੇ ਜਸਬੀਰ ਸਿੰਘ ਬੀ.ਪੀ.ਈ.ਓ, ਗੁਰਨਾਮ ਸਿੰਘ,ਜਗਤਾਰ ਸਿੰਘ ਸੰਘਾ,ਮੈਡਮ ਸੁਨੀਤਾ ਧੀਮਾਨ ਹੈਡ ਟੀਚਰ, ਜਸਵਿੰਦਰ ਸਿੰਘ ਸਾਕੀ, ਬਲਮ ਸਿੰਘ ਰਿਟਾ ਹੈਡਮਾਸਟਰ, ਰਾਜ ਘਈ ਜਨਰਲ ਸਕੱਤਰ, ਮਾਸਟਰ ਵਰੁਨ ਕੁਮਾਰ, ਰਵਿੰਦਰ ਕੌਰ, ਮਾਸਟਰ ਬਲੀ ਸਿੰਘ, ਸੋਨੀਆ, ਹਰਪ੍ਰੀਤ ਕੌਰ, ਕਵਿਤਾ ਕੁਮਾਰੀ, ਅਨੀਤਾ ਡਾਵਰਾ, ਮਨਿੰਦਰ ਰਾਣਾ, ਹਰਪ੍ਰੀਤ ਕੌਰ, ਅੰਜਨਾ ਕੁਮਾਰੀ, ਕੁਲਦੀਪ ਕੁਮਾਰੀ ਆਦਿ ਹਾਜ਼ਰ ਸਨ।

# 'ਨਯਨ ਜੋ ਵੇਖੇ ਅਣਵੇਖਾ' ਸਪੋਇਲਰ ਅਲਰਟ : ਕੀ ਨਯਨ, ਦੇਵਾਂਸ਼ ਦੇ ਕਹਿਣ ਤੇ ਤੋੜ ਦੇਵੇਗੀ ਵਰਤ?

**• ਚੰਡੀਗੜ੍ਹ**

ਪਿਛਲੇ ਐਪੀਸੋਡ ਦੌਰਾਨ ਅਸੀਂ ਦੇਖਿਆ ਕਿ ਮਮਤਾ ਦੇ ਜਨਮ ਦਿਨ ਉੱਤੇ ਪੂਰੇ ਪਰਿਵਾਰ ਨੂੰ ਨਯਨ ਦੇ ਦੋ ਬੱਚੇ ਹੋਣ ਦਾ ਪਤਾ ਲੱਗ ਗਿਆ ਹੈ, ਨਯਨ ਇੱਕ ਬੇਵੱਸ ਮਾਂ ਜੋ ਆਪਣੇ ਬੱਚਿਆਂ ਨੂੰ ਲੱਭਣ ਲਈ ਇੱਕ ਬਹੁਤ ਵੱਡਾ ਕਦਮ ਚੁੱਕਦੀ ਹੈ। ਅੱਜ ਕਹਾਣੀ ਵਿੱਚ ਬਹੁਤ ਵੱਡਾ ਬਦਲਾਵ ਹੋਣ ਵਾਲਾ ਹੈ ਜਿੱਥੇ ਨਯਨ ਆਪਣੇ ਬੱਚਿਆਂ ਨੂੰ ਲੱਭਣ ਤੇ ਉਹਨਾਂ ਦੀ ਰੱਖਿਆ ਲਈ ਪੂਰੇ ਮਹੀਨੇ ਨਿਰਜਲ ਵਰਤ ਰੱਖਣ ਦਾ ਫੈਸਲਾ ਕਰਦੀ ਹੈ। ਦੇਵਾਂਸ਼ ਤੇ ਪੂਰਾ ਪਰਿਵਾਰ ਨਯਨ ਨੂੰ ਅਜਿਹਾ ਕਰਨ ਤੋਂ ਰੋਕਦੇ ਹਨ ਪਰ ਨਯਨ ਅਜਿਹਾ ਕਰਨ ਤੋਂ ਮਨਾ ਕਰ ਦਿੰਦੀ ਹੈ। ਅੱਜ ਕਹਾਣੀ ਵਿੱਚ ਦੇਵਾਂਸ਼ ਦਾ ਅਚਾਨਕ ਐਕਸੀਡੈਂਟ ਹੋ ਜਾਂਦਾ ਹੈ ਪਰ ਉਹ ਇਲਾਜ਼ ਕਰਵਾਉਣ ਤੋਂ ਮਨਾ ਕਰ ਦਿੰਦਾ ਹੈ। ਕਿਉਂ ਕਰ ਰਿਹਾ ਦੇਵਾਂਸ਼ ਨਯਨ ਨਾਲ ਏਦਾਂ ਦਾ ਵਿਵਹਾਰ? ਕੀ ਨਯਨ ਤੋੜ ਦੇਵੇਗੀ ਆਪਣਾ ਵਰਤ? ਇਹ ਜਾਣਨ ਲਈ ਕਿ ਨਯਨ ਅਤੇ ਉਸਦੇ ਬੱਚੇ ਨਾਲ ਕੀ ਵਾਪਰਦਾ ਹੈ, ਅੱਜ ਰਾਤ 8:30 ਵਜੇ ਵਿਸ਼ੇਸ਼ ਤੌਰ 'ਤੇ ਜ਼ੀ ਪੰਜਾਬੀ 'ਤੇ ÷ਨਯਨ ਜੋ ਵੇਖੇ ਅਣਵੇਖਾ÷ ਦੇਖੋ।




FREE BUS SERVICE FOR ALL COLLEGE STUDENTS FOR ALL ROUTES
St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN
•56 Colleges & Schools •200 Merit Positions
•125 Companies For Placements
•75 Academic Courses
•2000 Placements In 2022 - 2023
•42000 Students From All Over India
CANADIAN PATHWAY PROGRAMS
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ।

# ਕਿਸਾਨਾਂ ਦੀ ਆਰਥਿਕ ਮਜ਼ਬੂਤੀ ਲਈ ਰਾਜ ਪੱਧਰੀ ਖਰੀਦਦਾਰ-ਵਿਕਰੇਤਾ ਮੀਟਿੰਗ ਆਯੋਜਿਤ




**• ਲੁਧਿਆਣਾ/ਸੁਖਚੈਨ ਮਹਿਰਾ,ਵਰਿੰਦਰ ਪ੍ਰਕਾਸ਼ ਭਾਂਬਰੀ**

ਕਿਸਾਨਾਂ ਨੂੰ ਮਾਰਕੀਟ ਸਹਾਇਤਾ ਪ੍ਰਦਾਨ ਕਰਨ ਅਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ ਦੇ ਮੰਤਵ ਨਾਲ ਸਮਾਜਿਕ ਅਤੇ ਪਰਿਵਰਤਨਸ਼ੀਲ ਪੇਂਡੂ ਆਰਥਿਕ ਉੱਦਮ ਦੀ ਪਹਿਲਕਦਮੀ ਤਹਿਤ ਐਚ.ਡੀ.ਐਫ.ਸੀ. ਪਰਿਵਰਤਨ ਅਤੇ ਜੀ ਟੀ ਭਾਰਤ ਐਲ ਐਲ ਪੀ ਵਲੋਂ ਖਰੀਦਦਾਰ-ਵਿਕਰੇਤਾ ਮੀਟਿੰਗ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਜੀ.ਟੀ. ਟੀਮ ਦੇ ਅਧਿਕਾਰੀਆਂ ਦੇ ਨਾਲ ਨਾਬਾਰਡ ਦੇ ਏ.ਜੀ.ਐਮ. ਦਵਿੰਦਰ ਕੁਮਾਰ ਤੋਂ ਇਲਾਵਾ ਉੱਘੀਆਂ ਸ਼ਖਸ਼ੀਆਤਾਂ ਵੀ ਮੌਜੂਦ ਸਨ। ਗਰਾਂਟ ਥਾਰਨਟਨ ਭਾਰਤ ਦੇ ਮੈਨੇਜਰ ਸ੍ਰੀ ਮਨਪ੍ਰੀਤ ਸਿੰਘ ਅਤੇ ਕੁੰਦਨ ਕੁਮਾਰ ਵਲੋਂ ਨਿੱਘਾ ਸਵਾਗਤ ਕਰਦਿਆਂ ਫਰਮ ਦੇ ਮਿਸ਼ਨ ਬਾਰੇ ਚਾਨਣਾ ਪਾਇਆ ਗਿਆ। ਗ੍ਰਾਂਟ ਥਾਰਨਟਨ ਭਾਰਤ ਦੇ ਆਜੀਵਿਕਾ ਦੇ ਡਾਇਰੈਕਟਰ ਰਾਜੇਸ਼ ਜੈਨ ਵਲੋਂ ਸਮੂਹ ਹਾਜਰੀਨ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਸਮਾਗਮ ਦੇ ਅੰਤਰੀਵ ਉਦੇਸ਼ਾਂ ਤੋਂ ਜਾਣੂ ਕਰਵਾਇਆ।


ਨਾਬਾਰਡ ਦੇ ਸਹਾਇਕ ਜਨਰਲ ਮੈਨੇਜਰ ਦਵਿੰਦਰ ਕੁਮਾਰ ਨੇ ਦੱਸਿਆ ਕਿ ਇਸ ਖਰੀਦਦਾਰ-ਵਿਕਰੇਤਾ ਮੀਟਿੰਗ ਦਾ ਆਯੋਜਨ ਕਿਸਾਨਾਂ ਨੂੰ ਮਾਰਕੀਟ ਸਹਾਇਤਾ ਪ੍ਰਦਾਨ ਕਰਨ ਅਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ ਦੇ ਮੁੱਖ ਉਦੇਸ਼ ਨਾਲ ਕੀਤਾ ਜਾ ਰਿਹਾ ਹੈ।

ਇਹ ਇਵੈਂਟ ਖੇਤੀਬਾੜੀ ਉਦਯੋਗ ਦੇ ਪ੍ਰਮੁੱਖ ਨੁਮਾਇੰਦਿਆਂ ਨੂੰ, ਜਨਤਕ ਅਤੇ ਨਿੱਜੀ ਦੋਵਾਂ ਖੇਤਰਾਂ ਤੋਂ, ਸਹਿਯੋਗ ਦੇ ਮੌਕਿਆਂ ਦੀ ਖੋਜ ਕਰਨ ਲਈ ਸਮਰਪਿਤ ਹੈ ਜੋ ਵਿਕਾਸ ਨੂੰ ਉਤਪੰਨ ਕਰ ਸਕਦੇ ਹਨ। ਕਿਸਾਨ-ਉਤਪਾਦਕ ਕੰਪਨੀਆਂ ਅਤੇ ਮੁੱਖ ਪ੍ਰਾਈਵੇਟ ਪਲੇਅਰਾਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ, ਜਿਸ ਨਾਲ ਅਜਿਹਾ ਸਬੰਧ ਬਣਾਇਆ ਜਾ ਸਕੇ ਜੋ ਸਾਡੇ ਖੇਤਰ ਦੀ ਖੇਤੀਬਾੜੀ ਖੁਸ਼ਹਾਲੀ 'ਤੇ ਮਹੱਤਵਪੂਰਨ ਅਸਰ ਪਾ ਸਕੇ। ਪੂਰੇ ਸੈਸ਼ਨ ਦੌਰਾਨ, ਚਾਰ ਜ਼ਿਲ੍ਹਿਆਂ-ਲੁਧਿਆਣਾ, ਬਰਨਾਲਾ, ਰੋਪੜ ਅਤੇ ਮੋਗਾ ਤੋਂ ਵੱਖ-ਵੱਖ ਐਫਪੀਓਜ਼ ਦੇ ਚੇਅਰਮੈਨਾਂ ਅਤੇ ਬੋਰਡ ਆਫ਼ ਡਾਇਰੈਕਟਰਾਂ ਨੇ ਸਮੂਹਿਕ ਕਾਸ਼ਤ ਖੇਤਰ ਅਤੇ ਉਤਪਾਦਨ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਬਾਸਮਤੀ ਚੌਲਾਂ ਦੀ ਭਵਿੱਖੀ ਮੰਗ ਅਤੇ ਸਪਲਾਈ ਨਾਲ ਸਬੰਧਤ ਕਈ ਮੌਕਿਆਂ ਬਾਰੇ ਵੀ ਚਰਚਾ ਕੀਤੀ। ਇਸ ਤੋਂ ਇਲਾਵਾ, ਐਫ.ਪੀ.ਸੀਜ ਲਈ ਐਮ.ਐਸ.ਐਮ.ਈ. ਸਕੀਮਾਂ ਅਤੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ.ਆਈ.ਐਫ.) ਸਕੀਮ 'ਤੇ ਵੀ ਸੈਸ਼ਨ ਹੋਏ। ਏ.ਜੀ.ਐਮ. ਦਵਿੰਦਰ ਕੁਮਾਰ ਨੇ ਦੱਸਿਆ ਕਿ ਮੀਟਿੰਗ ਦੌਰਾਨ, ਕਿਸਾਨ ਵੀਰਾਂ ਨੂੰ ਲਾਹਾ ਪਹੁੰਚਾਉਣ ਦੇ ਮੰਤਵ ਨਾਲ ਵਿਚੋਲਿਆਂ ਨੂੰ ਪਾਸੇ ਕਰਦਿਆਂ ਕਿਸਾਨਾਂ-ਖਰੀਦਦਾਰਾਂ ਵਿਚਕਾਰ ਸਿੱਧਾ ਸਬੰਧ ਸਥਾਪਿਤ ਕਰਨ ਤੇ ਵੀ ਵਿਚਾਰ ਵਟਾਂਦਰੇ ਕੀਤੇ ਗਏ। ਉਨ੍ਹਾਂ ਦੱਸਿਆ ਕਿ ਮੰਗ ਦੇ ਅਨੁਮਾਨ ਤੋਂ ਬਾਅਦ ਆਉਣ ਵਾਲੇ ਸੀਜ਼ਨ ਲਈ ਰਾਬਤਾ ਵੀ ਕਾਇਮ ਕੀਤਾ ਜਾਵੇਗਾ। ਅਖੀਰ ਵਿੱਚ, ਗ੍ਰਾਂਟ ਥਾਰਨਟਨ ਅਤੇ ਐਚ.ਡੀ.ਐਫ.ਸੀ. ਪਰਿਵਰਤਨ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ।

# ਸ਼ਰਨ ਆਰਟ ਦੁਆਰਾ ਲਿਖਿਤ ਤੇ ਨਿਰਦੇਸ਼ਿਤ "ਮਸਤਾਨੇ"25 ਨੂੰ ਵਿਸ਼ਵ ਭਰ ਵਿੱਚ ਹੋਵੇਗੀ ਰਿਲੀਜ਼

**• ਚੰਡੀਗੜ੍ਹ**

ਹਰ ਪ੍ਰਸਿੱਧ ਫਿਲਮ ਦਾ ਨਿਰਦੇਸ਼ਕ ਆਪਣੀ ਕਲਪਨਾ ਵਿਚਲੀ ਤਸਵੀਰ ਨੂੰ ਦਰਸ਼ਕਾਂ ਦੇ ਸਾਹਮਣੇ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸੇ ਤਰ੍ਹਾਂ ਸ਼ਰਨ ਆਰਟ ਦੁਆਰਾ ਨਿਰਦੇਸ਼ਨ ਦਾ ਇੱਕ ਰੂਪ ਇੱਕ ਨਿਵੇਕਲੀ ਕਹਾਣੀ ਨਾਲ ਦਰਸ਼ਕਾਂ ਦੇ ਰੂਬਰੂ ਹੋਣ ਜਾ ਰਿਹਾ ਹੈ ਜੋ ਇਤਿਹਾਸ ਦੇ ਅਜਿਹੇ ਪੰਨਿਆਂ ਨੂੰ ਵਿਜ਼ੂਅਲ ਰਾਹੀਂ ਦਿਖਾਏਗਾ ਜੋ ਸਿੱਖਾਂ ਦੇ ਜਜ਼ਬੇ ਦੀ ਬੇਮਿਸਾਲ ਤਸਵੀਰ ਨੂੰ ਦਰਸਾਉਂਦਾ ਹੈ। ਕਹਾਣੀ ਸੁਣਾਉਣ ਅਤੇ ਵਿਜ਼ੂਅਲ ਆਰਟਿਸਟਰੀ ਦੇ ਇੱਕ ਬੇਮਿਸਾਲ ਮਿਸ਼ਰਣ ਦੇ ਨਾਲ, ਸ਼ਰਨ ਆਰਟ ਇੱਕ ਦਿਲਚਸਪ ਸਿਨੇਮੈਟਿਕ ਅਨੁਭਵ ਪੇਸ਼ ਕਰਦੀ ਹੈ ਜੋ ਪੀੜ੍ਹੀ ਦਰ ਪੀੜ੍ਹੀ ਦਰਸ਼ਕਾਂ ਨਾਲ ਗੂੰਜਦੀ ਹੈ।'ਮਸਤਾਨੇ' ਸਿੱਖ ਕੌਮ ਦੇ ਦ੍ਰਿੜ ਹੌਂਸਲੇ ਅਤੇ ਅਟੁੱਟ ਦ੍ਰਿੜ ਇਰਾਦੇ ਦੀ ਇੱਕ ਸ਼ਾਨਦਾਰ ਝਲਕ ਪੇਸ਼ ਕਰਦਾ ਹੈ,।ਸ਼ਰਨ ਆਰਟ ਇੱਕ ਮਸ਼ਹੂਰ ਨਿਰਦੇਸ਼ਕ ਹੈ ਜਿਸਨੇ ਗਲਵਕੜੀ ਤੇ ਰੱਬ ਦਾ ਰੇਡੀਓ 2 ਸਮੇਤ ਕਈ ਫਿਲਮਾਂ ਪ੍ਰਦਾਨ ਕੀਤੀਆਂ ਹਨ ਅਤੇ ਜਿਨ੍ਹਾਂ ਨੂੰ ਸਿਨੇਮਾਘਰਾਂ ਵਿੱਚ ਬਹੁਤ ਸ਼ਲਾਘਾਯੋਗ ਹੁੰਗਾਰਾ ਮਿਲਿਆ ਹੈ। ਸ਼ਰਨ ਕਲਾ ਆਪਣੇ ਕੰਮ ਵਿੱਚ ਇੰਨੀ ਅਡੋਲ ਹੈ ਕਿ ਉਹ ਦਰਸ਼ਕਾਂ ਦੇ ਦਿਲਾਂ ਨੂੰ ਛੂਹਣ ਵਾਲੇ ਹਰ ਪ੍ਰਤੀਕਰਮ ਵਾਲੇ ਪਾਤਰ ਅਤੇ ਕਹਾਣੀ ਨੂੰ ਨਵੀਂ ਪਛਾਣ ਦਿੰਦੀ ਹੈ।ਨਿਰਦੇਸ਼ਕ ਸ਼ਰਨ ਆਰਟ ਨੇ ਫਿਲਮ ਬਾਰੇ ਉਤਸ਼ਾਹ ਜ਼ਾਹਰ ਕਰਦੇ ਹੋਏ ਕਿਹਾ, 'ਮਸਤਾਨੇ' ਪਿਆਰ ਦੀ ਇੱਕ ਕਿਰਤ ਹੈ ਜਿਸਦਾ ਉਦੇਸ਼ ਸਿੱਖਾਂ ਦੀ ਬਹਾਦਰੀ ਅਤੇ ਲਚਕੀਲੇਪਣ ਦਾ ਸਨਮਾਨ ਕਰਨਾ ਹੈ। ਇਹ ਉਹਨਾਂ ਦੇ ਅਸਾਧਾਰਨ ਸਫ਼ਰ ਨੂੰ ਇੱਕ ਅਜਿਹੇ ਤਰੀਕੇ ਨਾਲ ਅੱਗੇ ਲਿਆਉਣ ਦਾ ਯਤਨ ਹੈ ਜੋ ਹਿਲਾਉਣ ਵਾਲਾ ਅਤੇ ਗਿਆਨ ਭਰਪੂਰ ਹੋਵੇ। ਇਹ ਫਿਲਮ ਨਾ ਸਿਰਫ਼ ਇਤਿਹਾਸ ਨੂੰ ਸ਼ਰਧਾਂਜਲੀ ਦਿੰਦਾ ਹੈ, ਸਗੋਂ ਸਮਕਾਲੀ ਸਮੇਂ ਲਈ ਪ੍ਰੇਰਨਾ ਸਰੋਤ ਵਜੋਂ ਵੀ ਕੰਮ ਕਰਦਾ ਹੈ। ਵੇਹਲੀ ਜਨਤਾ ਫਿਲਮਜ਼ ਅਤੇ ਓਮਜੀਜ਼ ਸਿਨੇ ਵਰਲਡ ਦੁਆਰਾ ਪੇਸ਼ ਕੀਤਾ ਗਿਆ, 'ਮਸਤਾਨੇ' ਇੱਕ ਸਹਿਯੋਗੀ ਪ੍ਰੋਜੈਕਟ ਹੈ ਜੋ ਮਨਪ੍ਰੀਤ ਜੌਹਲ ਦੁਆਰਾ ਆਸ਼ੂ ਮੁਨੀਸ਼ ਸਾਹਨੀ ਅਤੇ ਕਰਮਜੀਤ ਸਿੰਘ ਜੌਹਲ ਦੇ ਨਾਲ ਤਿਆਰ ਕੀਤਾ ਗਿਆ ਹੈ। ਫਿਲਮ ਸ਼ਰਨ ਆਰਟ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ।



# ਬਾਬਾ ਗੁਰਦਿੱਤਾ ਪਬਲਿਕ ਸਕੂਲ ਝੂਮੇਵਾਲ 'ਚ ਤੀਆਂ ਤੇ ਤਿਉਹਾਰ ਤੇ ਲੱਗੀਆਂ ਰੌਣਕਾਂ, ਚਮਕੇ ਘੱਗਰੇ ਤੇ ਫੁਲਕਾਰੀਆਂ

## ਬੱਚਿਆਂ ਨੇ ਵੱਖ-ਵੱਖ ਪੇਸ਼ਕਾਰੀਆਂ ਰਾਹੀਂ ਕੀਤਾ ਪੁਰਾਤਨ ਵਿਰਸਾ ਸੁਰਜੀਤ : ਮੈਡਮ ਸਿਮਰਨ ਕਿਸਾਨਾ





**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਖੇਤਰ ਦੇ ਬਾਬਾ ਗੁਰਦਿੱਤਾ ਪਬਲਿਕ ਸਕੂਲ ਵਿਖੇ ਖੁਸ਼ੀਆਂ ਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਤੀਜ ਦਾ ਤਿਉਹਾਰ ਸਕੂਲ ਵਿੱਚ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਸਕੂਲ ਦੇ ਡਾਇਰੈਕਟਰ ਰਾਜਿੰਦਰ ਕਿਸਾਨਾ ਨੇ ਦੱਸਿਆ ਕਿ ਵਾਇਸ ਪ੍ਰਿੰਸੀਪਲ ਸਿਮਰਨ ਕਿਸਾਨਾ ਦੀ ਅਗਵਾਈ 'ਚ ਮਨਾਏ ਗਏ ਤੀਆਂ ਦੇ ਤਿਓਹਾਰ ਮੌਕੇ ਸਕੂਲ ਬੱਚਿਆਂ ਵਲੋਂ ਗਿੱਧਾ, ਭੰਗੜਾ, ਬੋਲੀਆਂ ਪਾਈਆਂ ਗਈਆਂ। ਇਸ ਮੌਕੇ ਭਾਸ਼ਣ ਤੇ ਬੋਲਦਿਆਂ ਵਿਦਿਆਰਥਣਾਂ ਪਲਕਪ੍ਰੀਤ ਕੌਰ, ਸ਼ਾਲਬੀ ਰਾਣਾ ਪੰਜਾਬੀ ਵਿਰਸੇ ਨਾਲ ਸਬੰਧਿਤ ਪੇਸ਼ ਕੀਤੀਆਂ ਕੋਰੀਓਗ੍ਰਾਫੀਆਂ ਨਾਲ ਇਵੇਂ ਲੱਗ ਰਿਹਾ ਸੀ ਕਿ ਜਿਵੇਂ ਪੁਰਾਤਨ ਪੰਜਾਬੀ ਵਿਰਸਾ ਮੁੜ ਸੁਰਜੀਤ ਹੋ ਗਿਆ ਹੋਵੇ।ਇਸ ਦੌਰਾਨ ਬੱਚਿਆਂ ਦੇ ਨਾਲ ਨਾਲ ਮਹਿਲਾ ਅਧਿਆਪਕਾਂ ਵਲੋਂ ਵੀ ਪੰਜਾਬੀ ਹਾਰ ਸ਼ਿੰਗਾਰ ਕੀਤੇ ਹੋਏ ਸਨ ਤੇ ਉਨ੍ਹਾਂ ਨੇ ਵਿਦਿਆਰਥਣਾਂ ਨਾਲ ਮਿਲਕੇ ਗਿੱਧਾ ਪਾਕੇ ਇਸ ਪੁਰਾਤਨ ਤਿਉਹਾਰ ਦੀ ਖੁਸ਼ੀ ਮਨਾਈ।ਇਸ ਮੌਕੇ ਗੱਲ ਕਰਦਿਆਂ ਸਕੂਲ ਦੇ ਮੈਡਮ ਸਿਮਰਨ ਕਿਸਾਨਾ ਨੇ ਕਿਹਾ ਕਿ ਅੱਜ ਦੇ ਦੌਰ ਚ ਅਸੀ ਆਪਣਾ ਪੁਰਾਤਨ ਵਿਰਸਾ ਭੁੱਲਦੇ ਜਾ ਰਹੇ ਹਨ।ਇਸ ਲਈ ਸਕੂਲ ਚ ਮਨਾਏ ਗਏ ਤੀਜ ਦੇ ਤਿਉਹਾਰ ਤੇ ਗਿੱਧਾ ਪੇਸ਼ ਕਰਦੀਆਂ ਵਿਦਿਆਰਥਣਾਂ ਤੇ ਤਿਉਹਾਰ ਮਨਾਉਣ ਦਾ ਮੁੱਖ ਮਕਸਦ ਇਹੀ ਹੈ ਕਿ ਬੱਚਿਆ ਨੂੰ ਅਪਣੇ ਪੁਰਾਣੇ ਅਲੋਪ ਹੋ ਰਹੇ ਪੰਜਾਬੀ ਵਿਰਸੇ ਨੂੰ ਮੁੜ ਤੋਂ ਸੁਰਜੀਤ ਕੀਤਾ ਜਾ ਸਕੇ। ਇਸ ਮੌਕੇ ਤੇ ਮੈਡਮ ਪਿੰਕੀ ਦੇਵੀ, ਰੁਪਿੰਦਰ ਕੌਰ, ਮੀਨਾ ਦੇਵੀ, ਬਲਵਿੰਦਰ ਕੌਰ,ਅਮਨਦੀਪ ਕੌਰ, ਰਾਜਵਿੰਦਰ ਕੌਰ, ਸਰਬਜੋਤ ਕੌਰ, ਅਮਨਦੀਪ ਕੌਰ ਸੈਦਪੁਰ ਅਤੇ ਸੰਜੀਵ ਕੁਮਾਰ ਆਦਿ ਸ਼ਾਮਿਲ ਸਨ।

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

# ਅੱਖਾਂ ਦੀਆਂ ਬੀਮਾਰੀਆਂ ਸਬੰਧੀ ਚੈਕਅਪ ਲਈ ਫ੍ਰੀ ਮੈਡੀਕਲ ਕੈਂਪ ਲਗਾਈਆਂ

**• ਰੂਪਨਗਰ/ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ**

ਬਲਾਚੌਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਰੋਡ ਬਲਾਚੌਰ ਵਿਖੇ ਅੱਖਾਂ ਦੀਆਂ ਚੱਲ ਰਹੀਆਂ ਬੀਮਾਰੀਆਂ ਦੇ ਸਬੰਧ ਵਿੱਚ ਸਕੂਲ ਦੇ ਬੱਚਿਆਂ ਅਤੇ ਅਧਿਆਪਕਾਂ ਦਾ ਚੈਕਅਪ ਕਰਨ ਲਈ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਅਤੇ ਇਲਾਕੇ ਦੀ ਪਹਿਲੀ ਕਤਾਰ ਦੀ ਸਮਾਜ ਸੇਵੀ ਸੰਸਥਾ ਹੈਲਪਿੰਗ ਹੈਂਡ ਨਵਾਂਸ਼ਹਿਰ ਟਰਸੱਟ ਦੇ ਸਹਿਯੋਗ ਨਾਲ ਇਹ ਫਰੀ ਮੈਡੀਕਲ ਕੈਂਪ ਲਗਾਈਆਂ ਗਿਆ ਇਸ ਕੈਂਪ ਵਿੱਚ ਅੱਖਾਂ ਦੇ ਸਪੈਸ਼ਲਿਸਟ ਡਾਕਟਰਾਂ ਦੀ ਟੀਮ ਨੇ ਚੱਲ ਰਹੀਆਂ ਅੱਖਾਂ ਦੇ ਬੀਮਾਰੀਆਂ ਦਾ ਇਲਾਜ ਕੀਤਾ ਅਤੇ ਇਸ ਕੈਪ ਵਿੱਚ 200 ਦੇ ਕਰੀਬ ਬੱਚਿਆਂ ਅਤੇ ਅਧਿਆਪਕਾਂ ਦੀਆਂ ਅੱਖਾਂ ਦਾ ਚੈਕਅਪ ਕਰਕੇ ਇਹਨਾਂ ਨੂੰ ਫਰੀ ਦਵਾਈਆਂ ਦਿੱਤੀਆਂ ਅਤੇ ਡਾਕਟਰਾਂ ਦੀ ਟੀਮ ਵਲੋਂ ਜੌ ਅੱਜ ਕੱਲ ਅੱਖਾਂ ਦੀਆਂ ਚੱਲ ਬੀਮਾਰੀਆਂ ਚੱਲ ਰਹੀਆਂ ਉਸ ਸਬੰਧੀ ਇਸ ਦੇ ਬਚਾਅ ਲਈ ਕੀ ਕੀ ਸਾਵਧਾਨੀਆਂ ਵਰਤਨੀਆ ਚਾਹੀਦੀ ਹਨ ਇਸ ਸਬੰਧੀ ਜਾਣਕਾਰੀ ਦਿੱਤੀ ਅਤੇ ਫਰੀ ਦਵਾਈਆਂ ਦਿੱਤੀਆਂ ਗਈਆਂ ਇਹ ਕੈਪ ਡਾਕਟਰ ਭੁਪਿੰਦਰ ਸਿੰਘ ਸੂਰੀ ਦੀ ਦੇਖ-ਰੇਖ ਹੇਠ ਲਗਾਇਆ ਗਿਆ ਅਤੇ ਇਸ ਮੌਕੇ ਬਲਾਚੌਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਮਾਲਕ ਅਤੇ ਚੈਅਰਮੈਨ ਐਚ ਪੀ ਸਿੰਘ ਅਤੇ ਸਕੂਲ ਦੇ ਸਾਰੇ ਸਟਾਫ ਵਲੋਂ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਦੇ ਮਾਲਕ ਡਾਕਟਰ ਉਜਾਗਰ ਸਿੰਘ ਸੂਰੀ ਦਾ ਇਸ ਉਪਰਾਲੇ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਸਕੂਲ ਦੇ ਚੇਅਰਮੈਨ ਐਚ ਪੀ ਸਿੰਘ ਅਤੇ ਪ੍ਰਿੰਸੀਪਲ ਹਰਮਨਿੰਦਰ ਕੌਰ ਵਲੋਂ ਡਾਕਟਰ ਭੁਪਿੰਦਰ ਸਿੰਘ ਸੂਰੀ ਦਾ ਅਤੇ ਡਾਕਟਰਾਂ ਦੀ ਟੀਮ ਦਾ ਸਨਮਾਨਿਤ ਕੀਤਾ ਗਿਆ ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਡਾਕਟਰ ਭੁਪਿੰਦਰ ਸਿੰਘ ਸੂਰੀ ਨੇ ਦੱਸਿਆ ਹੈ ਕੀ ਇਹ ਅੱਖਾਂ ਦੇ ਸਬੰਧੀ ਚੱਲ ਰਹੀਆਂ ਬੀਮਾਰੀਆਂ ਦਾ ਪਹਿਲਾਂ ਕੈਪ ਸੂਰੀ ਹਸਪਤਾਲ ਵਲੋਂ ਹੀ ਲਗਾਈਆਂ ਗਿਆ ਹੈ ਅਤੇ ਬਾਕੀ ਆਉਦੇ ਦਿਨਾਂ ਵਿੱਚ ਬਲਾਚੌਰ ਦੇ ਇਲਾਕੇ ਦੇ ਵੱਖ ਵੱਖ ਸਕੂਲਾਂ ਵਿੱਚ ਫ?ਰੀ ਕੈਪ ਲਗਾ ਕੇ ਇਹਨਾਂ ਬੱਚਿਆਂ ਦਾ ਅੱਖਾਂ ਸਬੰਧੀ ਇਲਾਜ ਕੀਤਾ ਜਾਵੇਗਾ ਅਤੇ ਇਸ ਮੌਕੇ ਡਾਕਟਰ ਸੌਡੀ ਬੁੱਲੇਵਾਲ ਸਮੇਤ ਡਾਕਟਰਾਂ ਦੀ ਟੀਮ ਅਤੇ ਸਟਾਫ ਹਾਜ਼ਰ ਸੀ।






# ਯੁਵਕ ਸੇਵਾਵਾਂ ਵਿਭਾਗ ਵੱਲੋਂ ਏਡਜ਼ ਅਤੇ ਨਸ਼ਿਆ ਪ੍ਰਤੀ ਜਾਗਰੂਕ ਕਰਨ ਲਈ ਮੈਰਾਥਨ ਆਯੋਜਿਤ

**• ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਡਾਇਰੈਕਟਰ ਯੁਵਕ ਸੇਵਾਵਾਂ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਦੇ ਸਹਿਯੋਗ ਨਾਲ ਸ਼?ਰੀ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਲੁਧਿਆਣਾ ਦੀ ਅਗਵਾਈ ਹੇਠ ਐਚ.ਆਈ.ਵੀ ਏਡਜ਼ ਅਤੇ ਨਸ਼ਿਆ ਦੇ ਮਾਰੂ ਪ੍ਰਭਾਵਾਂ ਪ੍ਰਤੀ ਜਾਗਰੁਕਤਾ ਪੈਦਾ ਕਰਨ ਲਈ ਐਸ.ਸੀ.ਡੀ.ਸਰਕਰੀ ਕਾਲਜ਼ ਲੁਧਿਆਣਾ ਵਿਖੇ 5 ਕਿਲੋਮੀਟਰ ਮੈਰਾਥਾਨ (ਰੈਡ ਰਨ) ਦਾ ਆਯੋਜਨ ਕਰਵਾਇਆ ਗਿਆ। ਜਿਸ ਨੂੰ ਪੰਜਾਬੀ ਰਨਰਜ ਦੇ ਪ੍ਰਧਾਨ ਸ਼?ਰੀ ਦੀਪਕ ਮਿਸ਼ਰਾ ਨੇ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੈਰਾਥਾਨ ਵਿੱਚ ਵੱਖ ਵੱਖ ਕਾਲਜਾਂ ਵਿੱਚ ਚਲ ਰਹੇ ਰੈਡ ਰੀਬਨ ਕਲੱਬ ਦੇ ਵਲੰਟੀਅਰਜ ਨੇ ਭਾਗ ਲਿਆ। ਸਹਾਇਕ ਡਾਇਰੈਕਟਰ ਸ. ਲੋਟੇ ਨੇ ਅੱਗੇ ਦੱਸਿਆ ਕਿ ਪਹਿਲੇ ਤਿੰਨ ਸਥਾਨਾ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 3000/-, 2000/- ਅਤੇ 1000/- ਰੁਪਏ ਦੇ ਚੈਕ, ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪਹਿਲੇ ਸਥਾਨ 'ਤੇ ਸ਼ੁਭਮ ਰਾਵਤ ਆਤਮ ਵੱਲਭ ਜੈਨ ਕਾਲਜ਼, ਲੁਧਿਆਣਾ, ਦੂਜੇ ਸਥਾਨ 'ਤੇ ਸੁਖਚੈਨ ਸਿੰਘ ਐਸ.ਸੀ.ਡੀ ਸਰਕਾਰੀ ਕਾਲਜ਼ ਅਤੇ ਤੀਜੇ ਸਥਾਨ ਤੇ ਆਸ਼ੂ ਸ਼ਰਮਾ ਐਸ.ਸੀ.ਡੀ ਸਰਕਾਰੀ ਕਾਲਜ਼ ਦਾ ਵਿਦਿਆਰਥੀ ਰਿਹਾ। ਇਸ ਤੋ ਇਲਾਵਾ ਪਹਿਲੇ ਤਿੰਨ ਸਥਾਨਾਂ ਤੇ ਆਉਣ ਵਾਲੀਆਂ ਲੜਕੀਆਂ ਨੂੰ ਵੀ ਸਰਟੀਫਿਕੇਟ, ਮੈਡਲ ਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਉਪਰੰਤ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਸਮਾਗਮ ਦੇ ਮੁੱਖ ਮਹਿਮਾਨ ਸ਼?ਰੀਮਤੀ ਤਨਵੀਰ ਲਿਖਾਰੀ, ਪ੍ਰਿਸੀਪਲ ਐਸ.ਸੀ.ਡੀ ਸਰਕਾਰੀ ਕਾਲਜ਼ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਚੰਗੀ ਖੁਰਾਕ ਖਾਣੀ ਚਾਹੀਦੀ ਹੈ ਕਿਉਂਕਿ ਸਿਹਤਮੰਦ ਸਰੀਰ ਹੀ ਵਧੀਆ ਸਮਾਜ ਦੀ ਸਿਰਜਣਾ ਕਰ ਸਕਦਾ ਹੈ। ਸ੍ਰੀ ਦੀਪਕ ਮਿਸ਼ਰਾ ਨੇ ਵੀ ਇਸ ਪ੍ਰੋਗਰਾਮ ਨੂੰ ਸਫਲ ਕਰਨ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ ਅਤੇ ਕਲੱਬ ਦੇ ਪ੍ਰਧਾਨ ਹੋਣ ਦੇ ਨਾਤੇ ਸਮਾਜ ਨੂੰ ਆਪਣੀਆਂ ਬੇਹਤਰ ਸੇਵਾਵਾਂ ਦੇ ਰਹੇ ਹਨ। ਅੰਤ ਵਿੱਚ ਸਹਾਇਕ ਡਾਇਰੈਕਟਰ ਸ. ਦਵਿੰਦਰ ਸਿੰਘ ਲੋਟੇ ਨੇ ਸਾਰੇ ਆਏ ਹੋਏ ਮਹਿਮਾਨਾਂ ਅਤੇ ਵਲੰਟੀਅਰਜ਼ ਦਾ ਧੰਨਵਾਦ ਕੀਤਾ। ਇਸ ਮੌਕੇ ਡਾ: ਈਰਾਦੀਪ ਕੌਰ, ਡਾ: ਦੀਪੀਕਾ ਕਲਸੀ, ਡਾ: ਸੁਪਰੇਰਨਾ ਖੰਨਾ, ਪ੍ਰੋ: ਰਾਜ਼ਵੀਰ ਕੋਰ, ਪ੍ਰੋ: ਸੁਖਦੀਪ ਕੋਰ ਅਤੇ ਸ਼ੁਭਮ ਮਿਸ਼ਰਾ ਵੀ ਹਾਜ਼ਰ ਸਨ।

# ਚੜਦੀ ਕਲਾ ਖ਼ਾਲਸੇ ਦੀ ???

ਲੱਖ ਲੱਖ ਸ਼ੁਕਰਾਨਾ ਉਸ ਅਕਾਲ ਪੁਰਖ ਦਾ ਜੋ ਕਿ ਜਾਲਮ ਜਮਾਤ ਨੂੰ ਸਮੇਂ ਰਹਿੰਦੇ ਸੋਝੀ ਬਖਸ਼ੀ ਅਤੇ ਉੱਨਾਂ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਦਾ ਪ੍ਰਬੰਧਕ ਦੁਬਾਰਾ ਇੱਕ ਗੁਰਸਿੱਖ ਨੂੰ ਲਾਉਣ ਦਾ ਫੈਂਸਲਾ ਲਿਆ ਹੈ। ਅੱਜ ਥੋੜਾ ਸਕੂਨ ਆਇਆ ਕਿ ਸਾਡੇ ਜੁਝਾਰੂ ਸਿੰਘਾਂ ਨੂੰ ਵੀ ਕੁਝ ਸ਼ਾਂਤੀ ਮਿਲੀ ਹੋਵੇਗੀ। ਸਾਰੀ ਸਿੱਖ ਜਥੇਬੰਦੀਆਂ ਅਤੇ ਸਮੁੱਚੀ ਸਿੱਖ ਕੌਮ ਨੂੰ ਵੀ ਕੁਝ ਰਾਹਤ ਮਿਲੀ ਹੋਵੇਗੀ, ਕਿਉਂਕਿ ਸਮੁੱਚੀ ਕੌਮ ਨੂੰ ਇਹ ਅਚਨਚੇਤ ਤਕਲੀਫ ਮਿਲੀ ਸੀ ਕਿ ਜਾਲਮ ਜਮਾਤ ਨੇ ਇੱਕ ਗੈਰ ਸਿੱਖ ਨੂੰ ਇੰਨੀ ਉੱਚੀ ਅਤੇ ਸੁੱਚੀ ਪੱਦਵੀ ਤੇ ਬਿਠਾ ਦਿੱਤਾ ਸੀ। ਜਾਲਮ ਜਮਾਤ ਦੀਆਂ ਇਹ ਹਰਕਤਾਂ ਸਿੱਖ ਧਰਮ ਲਈ ਇੱਕ ਸਜ਼ਾ ਤੋਂ ਘੱਟ ਨਹੀਂ ਸੀ। ਖੈਰ ਗੁਰੂ ਮਹਾਰਾਜ ਦੀ ਮਹਿਰ ਸਦਕਾ ਜਲਦੀ ਨਿਬੇੜਾ ਹੋ ਗਿਆ ਅਤੇ ਕਿਸੇ ਵੀ ਤਰਾਂ ਦੀ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਸਿੱਖ ਕੌਮ ਪਹਿਲਾਂ ਹੀ ਭਰੀ ਪੀਤੀ ਬੈਠੀ ਹੈ, ਉਮੀਦ ਕਰ ਸਕਦੇ ਹਾਂ ਕਿ ਜਾਲਮ ਜਮਾਤ ਉੱਨਾਂ ਦੇ ਸਬਰ ਨੂੰ ਪਰਖਣ ਲਈ ਦੁਬਾਰਾ ਕੋਈ ਹੱਥਕੰਡਾ ਨਹੀਂ ਵਰਤੇਗੀ। ਬਾਕੀ ਇਹ ਸ਼ਖ਼ਸ ਜੋ ਖੁਦ ਚਾਰਾ ਬਨਣ ਲਈ ਤੁਰ ਪੈਂਦੇ ਹਨ ਇੰਨਾਂ ਨੂੰ ਵੀ ਗੁਰੂ ਮਹਾਰਾਜ ਸੋਝੀ ਬਖਸ਼ਣ ਅਤੇ ਸਾਡੇ ਜੁਝਾਰੂ ਸਿੰਘਾਂ ਤੋਂ ਦੂਰ ਰੱਖਣ ਤਾਂ ਜੋ ਸਾਡੇ ਸਿੰਘ ਪੰਥ ਦੀ ਬਣਦੀ ਹੋਰ ਸੇਵਾ ਨਿਭਾ ਸਕਣ। ਖ਼ਾਲਸਾ ਪੰਥ ਦੀ ਚੜਦੀ ਕਲਾ ਦੀ ਅਰਦਾਸ ਵਿੱਚ ਮੈਂ ਹਮੇਸ਼ਾਂ




- ਰਸ਼ਪਿੰਦਰ ਕੌਰ ਗਿੱਲ
ਲੇਖਕ, ਐਂਕਰ, ਸੰਪਾਦਕ, ਪ੍ਰਧਾਨ- ਪੀਂਘਾਂ ਸੋਚ ਦੀਅ


publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

